# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS


Date 29.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## 3 ਵਿਦਿਆਰਥੀਆਂ ਦੀ ਮੌਤ 'ਤੇ ਬਵਾਲ, ਪੰਜਾਬ ਦੇ MP ਨੇ ਪੇਸ਼ ਕੀਤਾ ਪ੍ਰਸਤਾਵ

ਦਿੱਲੀ ਦੇ ਓਲਡ ਰਾਜਿੰਦਰ ਨੰਗਰ 'ਚ ਰਾਓ ਆਈ. ਏ. ਐੱਸ. ਕੋਚਿੰਗ ਸੈਂਟਰ ਦੇ ਬੈਸਮੇਂਟ 'ਚ ਡੁੱਬਣ ਕਾਰਨ 3 ਵਿਦਿਆਰਥੀਆਂ ਦੀ ਮੌਤ ਹੋ ਗਈ। ਹੁਣ ਪੰਜਾਬ ਤੋਂ ਕਾਂਗਰਸ ਦੇ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਰਾਓ ਆਈ. ਏ. ਐੱਸ. ਕੋਚਿੰਗ ਸੈਂਟਰ 'ਚ ਵਿਦਿਆਰਥੀਆਂ ਦੀ ਮੌਤ 'ਤੇ ਜਵਾਬਦੇਹੀ ਦੀ ਮੰਗ ਕਰਦੇ ਹੋਏ ਸੰਸਦ 'ਚ ਮੁਲਤਵੀ ਪ੍ਰਸਤਾਵ ਪੇਸ਼ ਕੀਤਾ ਹੈ।ਦੱਸਣਯੋਗ ਹੈ ਕਿ ਕੋਚਿੰਗ ਸੈਂਟਰ ਦੇ ਬੇਸਮੈਂਟ 'ਚ ਬਣੀ ਲਾਈਬ੍ਰੇਰੀ 'ਚ ਸ਼ਨੀਵਾਰ ਦੇਰ ਰਾਤ ਕੁੱਝ ਪਲਾਂ 'ਚ ਭਰਿਆ ਨਾਲੇ ਅਤੇ ਭਾਰੀ ਮੀਂਹ ਦਾ ਪਾਣੀ 3 ਪਰਿਵਾਰਾਂ ਲਈ ਤਬਾਹੀ ਲੈ ਕੇ ਆਇਆ। ਲਾਈਬ੍ਰੇਰੀ 'ਚ ਯੂ. ਪੀ. ਐੱਸ. ਸੀ. ਦੀ ਪ੍ਰੀਖਿਆ ਲਈ ਪੜ੍ਹਾਈ ਕਰ ਰਹੇ 3 ਵਿਦਿਆਰਥੀਆਂ ਨੇ ਇਸ ਹਾਦਸੇ ਦੌਰਾਨ ਆਪਣੀ ਜਾਨ ਗੁਆ ਦਿੱਤੀ।ਇਸ ਹਾਦਸੇ 'ਚ ਮਰਨ ਵਾਲੀਆਂ 2 ਵਿਦਿਆਰਥਣਾਂ ਅਤੇ ਇਕ ਵਿਦਿਆਰਥੀ ਸੀ। ਵਿਦਿਆਰਥਣਾਂ ਸ਼੍ਰੇਆ ਯਾਦਵ (ਅੰਬੇਡਕਰ ਨਗਰ) ਅਤੇ ਤਾਨਿਆ ਸੋਨੀ (ਹੈਦਰਾਬਾਦ), ਜਦੋਂ ਕਿ ਵਿਦਿਆਰਥੀ ਨਿਵਿਨ ਦਾਲਵਿਨ ਕੇਰਲ ਦੇ ਰਹਿਣ ਵਾਲੇ ਸਨ। ਦਿੱਲੀ ਦੀ ਮੇਅਰ ਡਾ. ਸ਼ੈਲੀ ਓਬਰਾਏ ਦਾ ਕਹਿਣਾ ਹੈ ਕਿ ਰਾਜਿੰਦਰ ਨਗਰ ਦੀ ਦੁਖ਼ਦ ਘਟਨਾ ਤੋਂ ਬਾਅਦ ਦਿੱਲੀ ਨਗਰ ਨਿਗਮ ਵਲੋਂ ਨਿਯਮਾਂ ਦਾ ਉਲੰਘਣ ਕਰਨ ਵਾਲੇ ਕੋਚਿੰਗ ਸੈਂਟਰਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



## ਦਿੱਲੀ ਦੀ ਆਈਐੱਨਏ ਮਾਰਕੀਟ ਦੇ ਰੈਸਟੋਰੈਂਟ ਚ ਲੱਗੀ ਅੱਗ, 4 ਤੋਂ 6 ਲੋਕ ਜ਼ਖਮੀ

ਸੋਮਵਾਰ ਤੜਕੇ ਦਿੱਲੀ ਦੀ ਆਈਐੱਨਏ ਮਾਰਕੀਟ ਵਿਚ ਇਕ ਰੈਸਟੋਰੈਂਟ ਵਿਚ ਅੱਗ ਲੱਗ ਗਈ। ਅਧਿਕਾਰੀਆਂ ਮੁਤਾਬਕ ਇਸ ਘਟਨਾ 'ਚ ਚਾਰ ਤੋਂ ਛੇ ਲੋਕ ਜ਼ਖਮੀ ਹੋਏ ਹਨ। ਸੱਤ ਤੋਂ ਅੱਠ ਫਾਇਰ ਬ੍ਰਿਗੇਡ ਗੱਡੀਆਂ ਇਸ ਸਮੇਂ ਮੌਕੇ 'ਤੇ ਮੌਜੂਦ ਹਨ ਅਤੇ ਇਸ 'ਤੇ ਕਾਬੂ ਪਾਉਣ ਦਾ ਕੰਮ ਚੱਲ ਰਿਹਾ ਹੈ। ਦਿੱਲੀ ਫਾਇਰ ਸਰਵਿਸ ਸਟੇਸ਼ਨ ਦੇ ਟ੍ਰੇਨਿੰਗ ਅਫਸਰ (ਐੱਸਟੀਓ) ਮਨੋਜ ਮੇਹਲਾਵਤ ਨੇ ਏਐੱਨਆਈ ਨੂੰ ਦੱਸਿਆ, "ਸਾਨੂੰ ਸਵੇਰੇ 3:20 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਇੱਥੇ ਰੈਸਟੋਰੈਂਟ ਵਿਚ ਅੱਗ ਲੱਗ ਗਈ ਹੈ ਅਤੇ ਚਾਰ ਤੋਂ ਛੇ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਅੱਗ ਲੱਗਣ ਦੇ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਰੈਸਟੋਰੈਂਟ ਵਿਚ ਲੋੜ ਤੋਂ ਵੱਧ ਕਮਰਸ਼ੀਅਲ ਸਿਲੰਡਰ ਸਟੋਰ ਕੀਤੇ ਗਏ ਸਨ, ਜਿਸ ਕਾਰਨ ਕੋਈ ਵੱਡੀ ਤ੍ਰਾਸਦੀ ਹੋ ਸਕਦੀ ਸੀ।" ਹੋਰ ਵੇਰਵਿਆਂ ਦੀ ਉਡੀਕ ਹੈ।






## ਕੋਚਿੰਗ ਸੈਂਟਰ ਦੇ ਬੇਸਮੈਂਟ 'ਚ ਪਾਣੀ ਭਰਨ ਦਾ ਖ਼ੌਫਨਾਕ ਵੀਡੀਓ ਆਇਆ ਸਾਹਮਣੇ

ਆਈ.ਏ.ਐੱਸ. ਕੋਚਿੰਗ ਦੇ ਬੇਸਮੈਂਟ 'ਚ ਪਾਣੀ ਭਰਨ ਦਾ ਖ਼ੌਫਨਾਕ ਵੀਡੀਓ ਸਾਹਮਣੇ ਆਇਆ ਹੈ। ਇਸ ਆਈ.ਏ.ਐੱਸ. ਕੋਚਿੰਗ ਸੈਂਟਰ 'ਚ ਪਾਣੀ ਭਰਨ ਨਾਲ 3 ਵਿਦਿਆਰਥੀਆਂ ਦੀ ਮੌਤ ਹੋ ਗਈ। ਇਹ ਘਟਨਾ ਕੇਂਦਰੀ ਉਪਭੋਗਤਾ ਸੁਰੱਖਿਆ ਅਥਾਰਟੀ (ਸੀ.ਸੀ.ਪੀ.ਏ.) ਵਲੋਂ 20 ਆਈ.ਏ.ਐੱਸ. ਕੋਚਿੰਗ ਸੈਂਟਰਾਂ ਵਲੋਂ ਵਿਗਿਆਪਨ ਅਤੇ ਵਪਾਰ ਪ੍ਰਥਾਵਾਂ ਦੀ ਵਿਆਪਕ ਜਾਂਚ ਦਾ ਹਿੱਸਾ ਹੈ। ਸੀ.ਸੀ.ਪੀ.ਏ. ਨੇ ਆਪਣੇ ਪਾਠਕ੍ਰਮਾਂ ਅਤੇ ਸਫ਼ਲਤਾ ਦੇ ਦਰ ਦੇ ਸੰਬੰਧ 'ਚ ਪਾਰਦਰਸ਼ਤਾ ਦੇ ਬਿਨਾਂ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਉੱਚ ਉਪਲੱਬਧੀ ਹਾਸਲ ਕਰਨ ਵਾਲਿਆਂ ਦੇ ਨਾਂ ਅਤੇ ਅਕਸ ਦੀ ਵਰਤੋਂ ਕਰਨ ਲਈ ਕਈ ਸੰਸਥਾਵਾਂ 'ਤੇ ਜੁਰਮਾਨਾ ਲਗਾਇਆ ਹੈ ਅਤੇ ਦੂਜਿਆਂ ਨੂੰ ਨੋਟਿਸ ਜਾਰੀ ਕੀਤਾ ਹੈ। ਮ੍ਰਿਤਕਾਂ ਦੀ ਪਛਾਣ ਸ਼੍ਰੇਆ ਯਾਦਵ, ਤਾਨਿਆ ਸੋਨੀ ਅਤੇ ਨਿਵਿਨ ਡਾਲਵਿਨ ਵਜੋਂ ਹੋਈ ਹੈ, ਜੋ ਤੇਜ਼ੀ ਨਾਲ ਭਰੇ ਬੇਸਮੈਂਟ 'ਚ ਫਸ ਗਏ ਸਨ। ਆਨਲਾਈਨ ਸਾਹਮਣੇ ਆਏ 18 ਸਕਿੰਟ ਦੇ ਵੀਡੀਓ 'ਚ ਲੋਕਾਂ ਨੂੰ ਪਾਣੀ 'ਚ ਫਸੇ ਲੋਕਾਂ ਨੂੰ ਬਚਾਉਂਦੇ ਹੋਏ ਦਿਖਾਇਆ ਗਿਆ ਹੈ। ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਫ਼ੋਰਸ (ਐੱਨ.ਡੀ.ਆਰ.ਐੱਫ.) ਨੇ 7 ਘੰਟੇ ਲੰਬੀ ਬਚਾਅ ਮੁਹਿੰਮ ਦਾ ਸਮਾਪਨ ਕੀਤਾ, ਜਿਸ ਦੌਰਾਨ ਤਿੰਨ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਘਟਨਾ ਦੇ ਤੁਰੰਤ ਬਾਅਦ ਕੋਚਿੰਗ ਸੈਂਟਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਿਆ ਅਤੇ ਵਿਦਿਆਰਥੀਆਂ ਨੇ ਇਸ ਤ੍ਰਾਸਦੀ ਲਈ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਅਧਿਕਾਰੀਆਂ ਖ਼ਿਲਾਫ਼ ਨਾਅਰੇ ਲਗਾਏ।

## ਮੁੰਬਈ ਕਸਟਮ ਨੇ ਹਵਾਈ ਅੱਡੇ ਤੋਂ 13.11 ਕਰੋੜ ਰੁਪਏ ਦਾ ਸੋਨਾ ਕੀਤਾ ਜ਼ਬਤ, 7 ਗ੍ਰਿਫ਼ਤਾਰ



ਮੁੰਬਈ ਕਸਟਮਜ਼ ਨੇ ਛਤਰਪਤੀ ਸ਼ਿਵਾਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ 13 ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦਾ 20.18 ਕਿਲੋਗ੍ਰਾਮ ਸੋਨਾ, 4.98 ਕਿਲੋ ਗਾਂਜਾ ਅਤੇ 0.96 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਜ਼ਬਤ ਕੀਤੀ ਹੈ। ਇਸ ਮਾਮਲੇ ਵਿਚ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਐਕਸ' 'ਤੇ ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ, "15-27 ਜੁਲਾਈ 2024 ਦੌਰਾਨ ਏਅਰਪੋਰਟ ਕਮਿਸ਼ਨਰੇਟ ਮੁੰਬਈ ਕਸਟਮ ਜ਼ੋਨ-III ਨੇ 13.11 ਕਰੋੜ ਰੁਪਏ ਦੀ ਕੀਮਤ ਦਾ 20.18 ਕਿਲੋਗ੍ਰਾਮ ਸੋਨਾ, 4.98 ਕਿਲੋ ਗਾਂਜਾ ਅਤੇ 0.96 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਜ਼ਬਤ ਕੀਤੀ ਹੈ। ਇਹ ਸੋਨਾ 39 ਕੇਸਾਂ ਵਿਚ ਗੱਤੇ ਦੇ ਡੱਬਿਆਂ ਵਿਚ ਲੁਕਾਇਆ ਗਿਆ ਸੀ, ਜਿਸ ਤਹਿਤ 7 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ਕਿ ਜੂਨ ਦੇ ਸ਼ੁਰੂ ਵਿਚ ਮੁੰਬਈ ਕਸਟਮ ਨੇ ਮੁੰਬਈ ਦੇ ਤਲੋਜਾ ਖੇਤਰ ਤੋਂ 10 ਕਰੋੜ ਰੁਪਏ ਤੋਂ ਵੱਧ ਮੁੱਲ ਦੀ ਸਿਗਰੇਟ, ਈ-ਸਿਗਰੇਟ ਅਤੇ ਤੰਬਾਕੂ/ਗੁਟਖਾ ਸਮੇਤ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਸਨ। 25 ਜੂਨ ਨੂੰ ਚਲਾਏ ਗਏ ਇਸ ਆਪ੍ਰੇਸ਼ਨ ਦੇ ਨਤੀਜੇ ਵਜੋਂ ਲਗਭਗ 10,000 ਕਿਲੋਗ੍ਰਾਮ ਸਾਮਾਨ ਜ਼ਬਤ ਕੀਤਾ ਗਿਆ।

## ਕਰਨਾਟਕ ਦੇ ਡਿਪਟੀ CM ਡੀਕੇ ਸ਼ਿਵਕੁਮਾਰ ਦਾ ਦਾਅਵਾ



ਕਰਨਾਟਕ ਦੇ ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ ਨੇ ਐਤਵਾਰ ਨੂੰ ਕਿਹਾ ਕਿ ਕੇਂਦਰੀ ਮੰਤਰੀ ਅਤੇ ਜਨਤਾ ਦਲ (ਐੱਸ) ਦੇ ਨੇਤਾ ਐੱਚਡੀ ਕੁਮਾਰਸਵਾਮੀ 2028 ਵਿਚ ਮੁੱਖ ਮੰਤਰੀ ਨਹੀਂ ਬਣਨਗੇ। ਕੁਮਾਰਸਵਾਮੀ ਵੱਲੋਂ ਅਗਲੀਆਂ ਚੋਣਾਂ ਵਿਚ ਸੱਤਾ ਵਿਚ ਆਉਣ ’ਤੇ ਰਾਮਨਗਰ ਦਾ ਨਾਂ ਬਹਾਲ ਕਰਨ ਦਾ ਐਲਾਨ ਕਰਨ ਤੋਂ ਬਾਅਦ ਉਨ੍ਹਾਂ ਦੀ ਪ੍ਰਤੀਕਿਰਿਆ ਆਈ ਹੈ। ਸ਼ਿਵਕੁਮਾਰ ਨੇ ਕੁਮਾਰਸਵਾਮੀ 'ਤੇ ਲਗਾਤਾਰ ਕਾਂਗਰਸ ਪਾਰਟੀ ਦੇ ਪਤਨ ਦੀ ਸਾਜ਼ਿਸ਼ ਰਚਣ ਅਤੇ ਇਸ ਦੇ ਆਲੇ-ਦੁਆਲੇ ਆਪਣੀ ਰਾਜਨੀਤੀ ਕੇਂਦਰਿਤ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਕੁਮਾਰਸਵਾਮੀ ਦੇ ਕਾਰਜਕਾਲ ਦੌਰਾਨ ਰਾਮਨਗਰ ਦਾ ਨਾਂ ਬਦਲਣਾ ਗੈਰ-ਕਾਨੂੰਨੀ ਸੀ ਅਤੇ ਜ਼ੋਰ ਦੇ ਕੇ ਕਿਹਾ ਕਿ ਰਾਮਨਗਰ ਜ਼ਿਲ੍ਹੇ ਦੇ ਲੋਕ ਬੈਂਗਲੁਰੂ ਵਾਸੀ ਹਨ ਅਤੇ ਉਹੀ ਰਹਿਣਗੇ।ਸ਼ਿਵਕੁਮਾਰ ਨੇ ਕਿਹਾ ਕਿ ਜਦੋਂ ਕੁਮਾਰਸਵਾਮੀ ਅਤੇ ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵਗੌੜਾ ਸੱਤਾ ਵਿਚ ਸਨ ਤਾਂ ਵੀ ਬੈਂਗਲੁਰੂ ਜ਼ਿਲ੍ਹੇ ਦਾ ਨਾਂ ਸੀ, ਪਰ ਕੁਮਾਰਸਵਾਮੀ ਨੇ ਆਪਣੇ ਕਾਰਜਕਾਲ ਦੌਰਾਨ ਇਸ ਨੂੰ ਬਦਲ ਦਿੱਤਾ। ਉਨ੍ਹਾਂ ਪੁਸ਼ਟੀ ਕੀਤੀ ਕਿ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਹੈੱਡਕੁਆਰਟਰ ਦਾ ਨਾਂ ਰਾਮਨਗਰ ਹੀ ਰਹੇਗਾ। ਜ਼ਿਕਰਯੋਗ ਹੈ ਕਿ ਹਾਲ ਹੀ 'ਚ ਕਰਨਾਟਕ ਸਰਕਾਰ ਨੇ ਵਿਧਾਨ ਸਭਾ 'ਚ ਬੈਂਗਲੁਰੂ ਨਾਲ ਲੱਗਦੇ ਰਾਮਨਗਰ ਜ਼ਿਲ੍ਹੇ ਦਾ ਨਾਂ ਬਦਲ ਕੇ ਬੈਂਗਲੁਰੂ ਦੱਖਣੀ ਜ਼ਿਲ੍ਹਾ ਕਰਨ ਦਾ ਮਤਾ ਪਾਸ ਕੀਤਾ ਸੀ, ਜਿਸ ਦਾ ਭਾਰਤੀ ਜਨਤਾ ਪਾਰਟੀ ਨੇ ਸਖਤ ਵਿਰੋਧ ਕੀਤਾ ਸੀ।

## ਹੜ੍ਹ ਪ੍ਰਭਾਵਿਤ ਸੂਬਿਆਂ ਨੂੰ ਫੰਡ ਦੇਣ ’ਚ ਕੇਂਦਰ ਕਰ ਰਿਹਾ ਭੇਦਭਾਵ



ਕਾਂਗਰਸ ਨੇ ਐਤਵਾਰ ਨੂੰ ਕੇਂਦਰ ਸਰਕਾਰ ’ਤੇ ਹੜ੍ਹ ਪ੍ਰਭਾਵਿਤ ਸੂਬਿਆਂ ਨੂੰ ਫੰਡ ਦੇਣ ’ਚ ‘ਦੋਹਰੇ ਮਾਪਦੰਡ’ ਅਪਣਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਉਹ ਹਿਮਾਚਲ ਪ੍ਰਦੇਸ਼ ਦੇ ਲੋਕਾਂ ਕੋਲੋਂ ਵਿਧਾਨ ਸਭਾ ਚੋਣਾਂ ’ਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੋਟਾਂ ਨਾ ਪਾਉਣ ਦਾ ‘ਬਦਲਾ’ ਲੈ ਰਹੀ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਲਿਖਿਆ, “ਕੱਲ ਆਪੇ ਬਣੇ ‘ਨਾਨ ਬਾਇਓਲਾਜੀਕਲ’ ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਕਸਿਤ ਸੂਬੇ ਵਿਕਸਿਤ ਭਾਰਤ ਬਣਾਉਣਗੇ। ਵਾਹ, ਕਿੰਨੀ ਡੂੰਘੀ ਗੱਲ ਹੈ। ਕਾਸ਼ ਉਹ ਟੈਕਸਦਾਤਿਆਂ ਦਾ ਪੈਸਾ ਉੱਥੇ ਖਰਚ ਕਰਦੇ ਜਿੱਥੇ ਇਸ ਦੀ ਸਭ ਤੋਂ ਵੱਧ ਲੋੜ ਹੈ। ਉਨ੍ਹਾਂ ਕਿਹਾ, “2023 ਦੇ ਵਿਨਾਸ਼ਕਾਰੀ ਹੜ੍ਹਾਂ ਤੋਂ ਬਾਅਦ ਹਿਮਾਚਲ ਪ੍ਰਦੇਸ਼ ਸਰਕਾਰ ਨੇ ਕਈ ਵਾਰ ਮੰਗ ਕੀਤੀ ਕਿ ਕੇਂਦਰ ਸਰਕਾਰ ਹੜ੍ਹਾਂ ਨੂੰ ਰਾਸ਼ਟਰੀ ਆਫ਼ਤ ਐਲਾਨੇ ਪਰ ਵਿੱਤ ਮੰਤਰੀ (ਨਿਰਮਲਾ ਸੀਤਾਰਾਮਨ) ਨੇ ਇਸ ਮੰਗ ਨੂੰ ਵਾਰ-ਵਾਰ ਖਾਰਿਜ ਕਰ ਦਿੱਤਾ।” ਰਮੇਸ਼ ਨੇ ਕਿਹਾ, “ਹੁਣ ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿਚ ਸਿੰਚਾਈ ਅਤੇ ਹੜ੍ਹ ਕੰਟਰੋਲ ਲਈ ਫੰਡ ਅਲਾਟ ਕਰਦੇ ਸਮੇਂ ‘ਨਾਨ ਬਾਇਓਲਾਜੀਕਲ’ ਪ੍ਰਧਾਨ ਮੰਤਰੀ ਦੀ ਸਰਕਾਰ ਵਿਚ ਕੰਮ ਕਰਨ ਦੇ ਦੋਹਰੇ ਮਾਪਦੰਡਾਂ ਦੀ ਉਦਾਹਰਣ ਪੇਸ਼ ਕੀਤੀ ਹੈ।” ਰਮੇਸ਼ ਨੇ ਕਿਹਾ ਕਿ ਸਾਰੇ ਸੂਬਿਆਂ ਨੂੰ ਕੇਂਦਰ ਸਰਕਾਰ ਕੋਲੋਂ ਗ੍ਰਾਂਟਾਂ ਦੇ ਰੂਪ ’ਚ ਬਿਨਾਂ ਸ਼ਰਤ ਸਹਾਇਤਾ ਦਾ ਭਰੋਸਾ ਮਿਲਿਆ ਪਰ ਜਦੋਂ ਕਾਂਗਰਸ ਸ਼ਾਸਿਤ ਹਿਮਾਚਲ ਪ੍ਰਦੇਸ਼ ਦੀ ਗੱਲ ਆਈ ਤਾਂ ਕਿਹਾ ਗਿਆ ਕਿ ਸਹਾਇਤਾ ਦੀ ਵਿਵਸਥਾ ‘ਬਹੁ-ਪੱਖੀ ਵਿਕਾਸ ਸਹਾਇਤਾ’ ਰਾਹੀਂ ਕੀਤੀ ਜਾਵੇਗੀ ਭਾਵ ਇਹ ਕਰਜ਼ਾ ਹੋਵੇਗਾ, ਜਿਸ ਨੂੰ ਚੁਕਾਉਣਾ ਹੋਵੇਗਾ।

# ਟਾਇਰ ਪੈਂਚਰ ਹੋਣ 'ਤੇ ਪੁਲ਼ ਤੋਂ ਹੇਠਾਂ ਆ ਡਿੱਗੇ ਮੋਟਰਸਾਈਕਲ ਸਵਾਰ



ਧਾਰਮਿਕ ਅਸਥਾਨ ਤੋਂ ਪਰਤਦਿਆਂ ਮੋਟਰਸਾਈਕਲ ਦਾ ਟਾਇਰ ਪੈਂਚਰ ਹੋਣ ਕਾਰਨ 2 ਕੁੜੀਆਂ ਤੇ 1 ਮੁੰਡੇ ਨਾਲ ਭਿਆਨਕ ਹਾਦਸਾ ਵਾਪਰ ਗਿਆ। ਇਹ ਤਿੰਨੋ ਸਮਰਾਲਾ ਬਾਈਪਾਸ ਦੇ ਦਿਆਲਪੁਰਾ ਪੁਲ਼ ਤੋਂ ਹੇਠਾਂ ਆ ਡਿੱਗੇ। ਇਸ ਹਾਦਸੇ ਵਿਚ ਦੋਹਾਂ ਕੁੜੀਆਂ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ। ਉੱਥੇ ਹੀ ਨੌਜਵਾਨ ਵੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਲੁਧਿਆਣਾ ਦੇ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ। ਇਹ ਤਿੰਨੋ ਲੁਧਿਆਣਾ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਰਾਹਗੀਰਾਂ ਨੇ ਦੱਸਿਆ ਕਿ ਇਹ ਤਿੰਨੋਂ ਮੋਟਰਸਾਈਕਲ ਸਵਾਰ ਚੰਡੀਗੜ੍ਹ ਸਾਈਡ ਤੋਂ ਆ ਰਹੇ ਸਨ। ਜਦੋਂ ਇਹ ਦਿਆਲਪੁਰਾ ਦੇ ਪੁਲ਼ ਦੇ ਉੱਪਰ ਪਹੁੰਚੇ ਤਾਂ ਇਨ੍ਹਾਂ ਦੇ ਮੋਟਰਸਾਈਕਲ ਦਾ ਟਾਇਰ ਪੈਂਚਰ ਹੋ ਗਿਆ, ਜਿਸ ਕਾਰਨ ਮੋਟਰਸਾਈਕਲ ਦਾ ਸੰਤੁਲਨ ਵਿਗੜਨ ਕਾਰਨ ਤਿੰਨੋ ਜਣੇ ਦਿਆਲਪੁਰਾ ਪੁਲ਼ ਤੋਂ ਹੇਠਾਂ ਡਿੱਗ ਗਏ, ਜਿਨ੍ਹਾਂ ਵਿਚ ਦੋਹਾਂ ਕੁੜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਲੜਕਾ ਗੰਭੀਰ ਜ਼ਖ਼ਮੀ ਹੋ ਗਿਆ, ਜਿਨ੍ਹਾਂ ਨੂੰ ਤੁਰੰਤ ਰਾਹਗੀਰਾਂ ਦੀ ਮਦਦ ਨਾਲ ਸਮਰਾਲਾ ਦੇ ਸਿਵਲ ਹਸਪਤਾਲ ਵਿਚ ਪਹੁੰਚਾਇਆ ਗਿਆ।ਡਾਕਟਰ ਨਵਦੀਪ ਸਿੰਘ ਨੇ ਦੱਸਿਆ ਕਿ ਇਕ ਬਾਈਕ ਤੇ ਤਿੰਨ ਜਣੇ ਸਵਾਰ ਹੋ ਕੇ ਚੰਡੀਗੜ੍ਹ ਸਾਈਡ ਤੋਂ ਲੁਧਿਆਣਾ ਜਾ ਰਹੇ ਸਨ ਤਾਂ ਰਸਤੇ ਵਿੱਚ ਟਾਇਰ ਫਟਣ ਕਾਰਨ ਪੁਲ ਤੋਂ ਹੇਠਾਂ ਗਿਰ ਗਏ ਜਿਨ੍ਹਾਂ ਵਿਚ ਦੋ ਲੜਕੀਆਂ ਤੇ ਇਕ ਨੌਜਵਾਨ ਲੜਕਾ ਸੀ। ਲੜਕੀਆਂ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ ਲੜਕੇ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਲੁਧਿਆਣਾ ਦੇ ਹਸਪਤਾਲ ਰੈਫਰ ਕਰ ਦਿੱਤਾ ਗਿਆ।

# ਸੁਖਬੀਰ ਬਾਦਲ ਨੇ ਵੀਡੀਓ ਸਾਂਝੀ ਕਰ ਕੀਤੀ ਸਖ਼ਤ ਕਾਰਵਾਈ ਦੀ ਮੰਗ



ਉੱਤਰ ਪ੍ਰਦੇਸ਼ ਪੁਲਸ ਵੱਲੋਂ ਸਿੱਖਾਂ ਬਾਰੇ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕਰਨ ਦਾ ਮਾਮਲਾ ਤੂਲ ਫੜ ਰਿਹਾ ਹੈ। ਇਸ ਘਟਨਾ 'ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਯੂ.ਪੀ. ਸਰਕਾਰ ਤੋਂ ਇਨ੍ਹਾਂ ਪੁਲਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸਿੱਖਾਂ ਪ੍ਰਤੀ ਫ਼ੈਲਾਈ ਜਾ ਰਹੀ ਨਫ਼ਰਤ ਨੂੰ ਠੱਲ ਪਾਉਣ ਦੀ ਵੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ ਅਤੇ ਇਹ ਹਮੇਸ਼ਾ ਜਬਰ ਅਤੇ ਜ਼ੁਲਮ ਦੇ ਵਿਰੁੱਧ ਲੜਦੀ ਆਈ ਹੈ। ਉਕਤ ਘਟਨਾ ਦੀ ਇਕ ਵੀਡੀਓ ਸਾਂਝੀ ਕਰਦਿਆਂ ਸੁਖਬੀਰ ਬਾਦਲ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਲਖੀਮਪੁਰ ਖਿਰੀ-ਪਲੀਆ ਭੀਰਾ (ਯੂ.ਪੀ.) ਰਾਜ ਮਾਰਗ 'ਤੇ ਸਥਾਨਕ ਪੁਲਸ ਅਧਿਕਾਰੀਆਂ ਵੱਲੋਂ ਉੱਥੋਂ ਲੰਘ ਰਹੇ ਸਿੱਖਾਂ ਨੂੰ ਅੱਤਵਾਦੀ, ਉਪਦਰਵੀ ਜਿਹੇ ਸ਼ਬਦਾਂ ਨਾਲ ਬੇਇੱਜ਼ਤ ਕੀਤਾ ਜਾਣ 'ਤੇ ਸਾਨੂੰ ਸਖ਼ਤ ਇਤਰਾਜ਼ ਹੈ।" ਸੁਖਬੀਰ ਬਾਦਲ ਨੇ ਅੱਗੇ ਲਿਖਿਆ "ਜਿੱਥੇ ਮੈਂ ਯੂ.ਪੀ. ਸਰਕਾਰ ਤੋਂ ਇਨ੍ਹਾਂ ਪੁਲਸ ਕਰਮੀਆਂ ਵਿਰੁੱਧ ਕਾਰਵਾਈ ਦੀ ਮੰਗ ਕਰਦਾ ਹਾਂ ਉੱਥੇ ਹੀ, ਸਾਰੇ ਸੂਬਿਆਂ ਅਤੇ ਕੇਂਦਰ ਦੀ ਸਰਕਾਰ ਨੂੰ ਅਪੀਲ ਵੀ ਕਰਦਾ ਹਾਂ ਕਿ ਘੱਟ ਗਿਣਤੀਆਂ, ਖ਼ਾਸ ਤੌਰ 'ਤੇ ਸਿੱਖਾਂ ਪ੍ਰਤੀ ਫਲਾਈ ਜਾ ਰਹੀ ਨਫ਼ਰਤ ਨੂੰ ਠੱਲ੍ਹ ਪਾਉਣ ਲਈ ਸ਼ਰਾਰਤੀ ਲੋਕਾਂ ਦੇ ਨਾਲ-ਨਾਲ ਸਰਕਾਰੀ ਕਰਮਚਾਰੀਆਂ ਨੂੰ ਵੀ ਇਸ ਬਾਰੇ ਤਾੜਨਾ ਕਰਨ। ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ ਅਤੇ ਇਹ ਹਮੇਸ਼ਾ ਜਬਰ ਅਤੇ ਜ਼ੁਲਮ ਦੇ ਵਿਰੁੱਧ ਲੜਦੀ ਆਈ ਹੈ।"

# OYO ਹੋਟਲ 'ਚ ਰਾਤ ਗੁਜਾਰਨ ਪਹੁੰਚੇ ਮੁੰਡਾ-ਕੁੜੀ, ਸ਼ਰਾਬ ਪੀਕੇ ਹੋਈ ਲੜਾਈ, ਮੁੰਡੇ ਨੇ ਕਰ 'ਤਾ ਕਾਂਡ




ਓਯੋ ਹੋਟਲ 'ਚ ਰਾਤ ਗੁਜ਼ਾਰਨ ਆਏ ਇਕ ਪ੍ਰੇਮੀ ਜੋੜੇ ਨਾਲ ਖੌਫਨਾਕ ਵਾਰਦਾਤ ਹੋਈ ਹੈ। ਜਾਣਕਾਰੀ ਮੁਤਾਬਕ ਹੋਟਲ ਦੇ ਬੰਦ ਕਮਰੇ ਵਿੱਚ ਪ੍ਰੇਮਿਕਾ ਤੇ ਪ੍ਰੇਮੀ ਨੇ ਪਹਿਲਾਂ ਤਾਂ ਇਕੱਠੇ ਸ਼ਰਾਬ ਪੀਤੀ। ਸ਼ਰਾਬ ਪੀਣ ਦੌਰਾਨ ਹੀ ਦੋਵਾਂ ਵਿਚਕਾਰ ਝਗੜਾ ਹੋ ਗਿਆ। ਇਹ ਤਕਰਾਰ ਇੰਨੀਂ ਵੱਧ ਗਈ ਕਿ ਗੁੱਸੇ ਵਿੱਚ ਆਏ ਪ੍ਰੇਮੀ ਨੇ ਕਮਰੇ ਦੇ ਅੰਦਰ ਹੀ ਫਾਹਾ ਲੈ ਲਿਆ। ਜਿਸ ਪਿੱਛੋਂ ਪ੍ਰੇਮਿਕਾ ਨੇ ਆਪਣੇ ਪ੍ਰੇਮੀ ਦੇ ਫੋਨ ਤੋਂ ਉਸਦੇ ਦੋਸਤ ਨੂੰ ਕਾਲ ਕਰ ਮੌਕੇ 'ਤੇ ਸੱਦਿਆ। ਮੌਕੇ ਉੱਤੇ ਜਾਣਕਾਰੀ ਮਿਲਣ 'ਤੇ ਪੁਲਸ ਪਹੁੰਚੀ ਤੇ ਪੁਲਸ ਨੇ ਲਾਸ਼ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਪ੍ਰੇਮੀ ਦੇ ਦੋਸਤ ਤੇ ਉਸਦੀ ਪ੍ਰੇਮਿਕਾ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਹੋਟਲ ਸਟਾਫ ਫਰਾਰ ਹੋ ਗਿਆ ਹੈ। ਪੁਲਸ ਵਲੋਂ ਫਿਲਹਾਲ ਹੋਟਲ ਸੀਲ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਨਗਰ ਦੇ ਮੁਹੱਲ਼ਾ ਪੱਕਾ ਬਾਗ ਛਾਨਸੀਵਾੜਾ ਵਾਸੀ ਤੁਸ਼ਾਰ ਸੈਣੀ ਪੁੱਤਰ ਰਾਜਿੰਦਰ ਉਰਫ ਰਾਜੂ ਸੈਣੀ ਨਗਰ ਸਥਿਤ ਬਾਬਾ ਮੋਬਾਈਲ ਦੀ ਦੁਕਾਨ 'ਤੇ ਕੰਮ ਕਰਦਾ ਸੀ। ਤੁਸ਼ਾਰ ਦੇ ਅਲੀਗੜ੍ਹ ਦੀ ਰਹਿਣ ਵਾਲੀ ਇੱਕ ਲੜਕੀ ਨਾਲ ਪ੍ਰੇਮ ਸਬੰਧ ਚੱਲ ਰਹੇ ਸਨ। ਸ਼ੁੱਕਰਵਾਰ ਰਾਤ ਅਲੀਗੜ੍ਹ ਦੀ ਪ੍ਰੇਮਿਕਾ ਅਤੇ ਤੁਸ਼ਾਰ ਦੀ ਮੁਲਾਕਾਤ ਪੱਕਾ ਬਾਗ ਸਥਿਤ ਓਯੋ ਹੋਟਲ ਦੇ ਕਮਰੇ ਵਿੱਚ ਹੋਈ। ਦੋਸ਼ ਹੈ ਕਿ ਦੋਵਾਂ ਨੇ ਹੋਟਲ 'ਚ ਸ਼ਰਾਬ ਪੀਤੀ। ਇਸ ਤੋਂ ਬਾਅਦ ਦੋਵਾਂ ਵਿਚਾਲੇ ਝਗੜਾ ਹੋ ਗਿਆ। ਇਸ 'ਤੇ ਤੁਸ਼ਾਰ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਤੋਂ ਬਾਅਦ ਪ੍ਰੇਮਿਕਾ ਨੇ ਬੁਆਏਫ੍ਰੈਂਡ ਦੇ ਦੋਸਤ ਨੂੰ ਹੋਟਲ ਸੱਦਿਆ।ਦੋਸਤ ਨੇ ਹੋਟਲ ਪਹੁੰਚ ਕੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਸੂਚਨਾ ਮਿਲਦੇ ਹੀ ਪੁਲਸ ਅਤੇ ਫੋਰੈਂਸਿਕ ਟੀਮ ਮੌਕੇ 'ਤੇ ਪਹੁੰਚ ਗਈ। ਟੀਮ ਨੇ ਜਾਂਚ ਲਈ ਸੈਂਪਲ ਇਕੱਠੇ ਕੀਤੇ। ਪੁਲਸ ਨੂੰ ਮੌਕੇ ਤੋਂ ਸਨੈਕਸ ਦੇ ਪਾਊਚ ਮਿਲੇ ਹਨ। ਪੁਲਸ ਨੇ ਪ੍ਰੇਮੀ ਦੇ ਦੋਸਤ ਅਤੇ ਪ੍ਰੇਮਿਕਾ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲੈ ਲਿਆ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।ਤੁਸ਼ਾਰ ਦੇ ਰਿਸ਼ਤੇਦਾਰਾਂ ਨੇ ਉਸ ਦੀ ਪ੍ਰੇਮਿਕਾ 'ਤੇ ਕਤਲ ਦਾ ਦੋਸ਼ ਲਗਾਇਆ ਹੈ। ਓਯੋ ਸਟਾਫ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਕਾਰਵਾਈ ਕਰਦੇ ਹੋਏ ਦਸਤਾਵੇਜ਼ ਜ਼ਬਤ ਕਰ ਲਏ ਅਤੇ ਹੋਟਲ ਨੂੰ ਸੀਲ ਕਰ ਦਿੱਤਾ। ਸ਼ਨੀਵਾਰ ਸਵੇਰੇ ਜਿਵੇਂ ਹੀ ਲੋਕਾਂ ਨੂੰ ਮਾਮਲੇ ਦਾ ਪਤਾ ਲੱਗਾ ਤਾਂ ਉਹ ਹੋਟਲ ਦੇ ਬਾਹਰ ਇਕੱਠੇ ਹੋ ਗਏ। ਕੋਤਵਾਲੀ ਦੇ ਇੰਸਪੈਕਟਰ ਰਵੀ ਰਤਨ ਸਿੰਘ ਨੇ ਦੱਸਿਆ ਕਿ ਪ੍ਰੇਮਿਕਾ ਅਲੀਗੜ੍ਹ ਦੀ ਰਹਿਣ ਵਾਲੀ ਹੈ। ਦੋਵਾਂ ਵਿਚਕਾਰ ਪ੍ਰੇਮ ਸਬੰਧ ਚੱਲ ਰਹੇ ਸਨ। ਪ੍ਰੇਮਿਕਾ ਨਾਲ ਝਗੜੇ ਤੋਂ ਬਾਅਦ ਪ੍ਰੇਮੀ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।ਮੁੰਡੇ ਵਲੋਂ ਫਾਹਾ ਲੈ ਲੈਣ ਤੋਂ ਬਾਅਦ ਕੁੜੀ ਨੇ ਪ੍ਰੇਮੀ ਦੇ ਦੋਸਤ ਨੂੰ ਸਾਰੀ ਜਾਣਕਾਰੀ ਦੇ ਕੇ ਮੌਕੇ 'ਤੇ ਸੱਦਿਆ। ਪ੍ਰੇਮਿਕਾ ਨਸ਼ੇ ਦੀ ਹਾਲਤ 'ਚ ਮਿਲੀ। ਦੋਸਤ ਅਤੇ ਪ੍ਰੇਮਿਕਾ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਅਜੇ ਤੱਕ ਪੀੜਤ ਦੇ ਰਿਸ਼ਤੇਦਾਰਾਂ ਵੱਲੋਂ ਪੁਲਸ ਨੂੰ ਕੋਈ ਸ਼ਿਕਾਇਤ ਨਹੀਂ ਦਿੱਤੀ ਗਈ ਹੈ। ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਮੌਤ ਦੇ ਕਾਰਨਾਂ ਦੀ ਪੁਸ਼ਟੀ ਹੋਣ 'ਤੇ ਹੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਖਾਲਸਾ ਯੂਨਿਟੀ ਵੱਲੋਂ ਗੁਰਧਾਮਾਂ ਦੀ ਯਾਤਰਾ ਦੀ ਮੁਹਿੰਮ ਤਹਿਤ ਯਾਤਰੀਆਂ ਦਾ ਜੱਥਾ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਰਵਾਨਾ



ਮੁੰਬਈ ਦੇ ਉਦਯੋਗਪਤੀ ਸਿੱਖਾਂ ਦੀ ਸੰਸਥਾਂ ਖਾਸਲਾ ਯੂਨਿਟੀ ਵਲੋਂ ਲੋੜਵੰਦ ਯਾਤਰੀਆਂ ਨੂੰ ਵੱਖ-ਵੱਖ ਗੁਰਧਾਮਾਂ ਦੀ ਯਾਤਰਾ ਕਰਵਾਈ ਜਾਵੇਗੀ, ਜਿਸ ਦੀ ਤਖ਼ਤ ਸ੍ਰੀ ਪਟਨਾ ਸਾਹਿਬ ਵੱਲ 85 ਯਾਤਰੀ ਭੇਜ ਕੇ ਸ਼ੁਰੂਆਤ ਕੀਤੀ ਗਈ ਹੈ। ਮੁੰਬਈ ਦੇ ਸਿੱਖਾਂ ਦੀ ਸੰਸਥਾ ਖਾਲਸਾ ਯੂਨਿਟੀ ਵੱਲੋਂ ਗੁਰੂ ਘਰਾਂ ਦੇ ਲੋੜਵੰਦ ਸੇਵਾਦਾਰਾਂ ਨੂੰ ਮੁਫ਼ਤ ਇਲਾਜ ਸਹੂਲਤ ਪ੍ਰਦਾਨ ਕਰਨ ਦਾ ਐਲਾਨ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ, ਚੀਫ ਖ਼ਾਲਸਾ ਦੀਵਾਨ ਦੇ ਮੈਂਬਰ ਤੇ ਖ਼ਾਲਸਾ ਯੂਨਿਟੀ ਦੇ ਸਰਗਰਮ ਵਰਕਰ ਬਾਵਾ ਗੁਰਿੰਦਰ ਸਿੰਘ ਨੇ ਕਿਹਾ ਕਿ ਖਾਲਸਾ ਯੂਨਿਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ ਮੁੰਬਈ ਯੂਨਿਟ ਤੇ ਸਿੰਘ ਸਭਾ ਦਾਦਰ ਬੁੰਬਈ ਦੀ ਸਰਪਰਸਤੀ ਹੇਠ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਡੇ ਯੂਨਿਟੀ ਦੇ ਕਰੀਬ 100 ਮੈਂਬਰ ਹਨ। ਇਸ ਸੰਸਥਾ ਵਿੱਚ ਕੋਈ ਵੀ ਮੈਂਬਰ ਚੇਅਰਮੈਨ ਦਾ ਸੈਕਟਰੀ ਨਹੀਂ ਹੈ ਸਿਰਫ ਮੈਂਬਰ ਅਤੇ ਸੇਵਾਦਾਰ ਹੀ ਹਨ। ਉਨ੍ਹਾਂ ਕਿਹਾ ਕਿ ਅਸੀਂ ਮਿਲ ਕੇ ਸਿਰਫ ਸੰਗਤ ਦੀ ਸੇਵਾ ਕਰਨਾ ਚਾਹੁੰਦੇ ਹਾਂ। ਗੁਰਦੁਆਰਾ ਸਾਹਿਬਾਨ ਦੀ ਸੇਵਾ ਕਰਨਾ, ਐਜੂਕੇਸ਼ਨ ਵਾਸਤੇ ਸੇਵਾ, ਬਿਮਾਰਾਂ ਵਾਸਤੇ ਹਸਪਤਾਲਾਂ ਵਿਚ ਸੇਵਾ, ਸਕਿੱਲ ਵਰਕ ਵਾਸਤੇ ਇਹ ਸਾਰੇ ਕੰਮ ਦੀ ਰੂਪ ਰੇਖਾ ਉਲੀਕੀ ਗਈ ਹੈ। ਸਾਡਾ ਜਿਹੜਾ ਦੂਜਾ ਟੀਚਾ ਹੈ, ਉਹ ਪੜ੍ਹਾਈ ਲਿਖਾਈ ਹੈ। ਮੁੰਬਈ ਦੇ ਸਿੱਖ ਬੱਚਿਆਂ ਨੂੰ ਫਰੀ ਵਿੱਚ ਐਜੂਕੇਸ਼ਨ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜੋ ਬੱਚੇ ਫੀਸ ਨਹੀਂ ਦੇ ਸਕਦੇ, ਪੜ੍ਹਾਈ ਲਿਖਾਈ ਵਾਸਤੇ ਕਿਤਾਬਾਂ, ਕਾਪੀਆਂ ਨਹੀਂ ਲੈ ਸਕਦੇ ਸਾਡੇ ਵੱਲੋਂ ਸਾਰੀਆਂ ਫਰੀ ਦਿੱਤੀਆਂ ਜਾ ਰਹੀਆਂ ਹਨ। ਤਖਤ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਲਈ ਜੱਥੇ ਨੂੰ ਰਵਾਨਾ ਕਰਨ ਉਪਰੰਤ ਬਾਵਾ ਗੁਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਜੋ ਬੱਚੇ ਆਈ. ਪੀ. ਐੱਸ, ਆਈ. ਐੱਸ ਆਫਸਰ ਬਣਨਾ ਚਾਹੁੰਦੇ ਹਨ, ਉਹਨਾਂ ਨੂੰ ਫਰੀ ਐਜੂਕੇਸ਼ਨ ਖਾਲਸਾ ਯੂਨਿਟੀ ਵੱਲੋਂ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਦੇ ਨਾਲ-ਨਾਲ ਬੀਮਾਰੀ ਵਾਸਤੇ ਖਾਲਸਾ ਕਾਲਜ 'ਚ ਟੈਸਟ ਦੀਆਂ ਸਹੂਲਤਾਂ ਤੇ ਦਵਾਈ ਦੀ ਦੁਕਾਨ ਵੀ ਸ਼ੁਰੂ ਕੀਤੀ ਜਾ ਰਹੀ ਹੈ। ਨਵੰਬਰ ਦੇ ਵਿੱਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਇਹ ਦੁਕਾਨ ਸ਼ੁਰੂ ਕੀਤੀ ਜਾਵੇਗੀ। ਸਾਰੇ ਕਾਰਜ ਗੁਰੂ ਮਹਾਰਾਜ ਆਪਣੇ ਹੱਥ ਦੇ ਕੇ ਕਰਵਾ ਰਹੇ ਹਨ। ਬਾਵਾ ਨੇ ਕਿਹਾ ਕਿ ਇਸ ਕਾਰਜ ਲਈ ਸਾਨੂੰ ਪਰਵਿੰਦਰ ਸਿੰਘ ਪਸਰੀਚਾ ਤੇ ਜਸਬੀਰ ਸਿੰਘ ਧਾਮ ਦਾ ਮਾਰਗ ਦਰਸ਼ਨ ਪ੍ਰਾਪਤ ਹੈ। ਇਹ ਦੋਵੇਂ 2008 ਤੋਂ ਲੈ ਕੇ 2022 ਤੱਕ ਹਜ਼ੂਰ ਸਾਹਿਬ ਦੀ ਸੇਵਾ ਕਰਦੇ ਰਹੇ ਹਨ।

# ਕਿਸਾਨਾਂ ਨੂੰ ਦਿੱਲੀ ਜਾਣ ਤੋਂ ਕੋਈ ਨਹੀਂ ਰੋਕਦਾ, ਸਰਕਾਰ ਨਾਲ ਗੱਲਬਾਤ ਦੇ ਰਸਤੇ ਹਮੇਸ਼ਾ ਖੁੱਲ੍ਹੇ- ਰਵਨੀਤ ਬਿੱਟੂ



ਦੇਸ਼ ਦੇ ਕੇਂਦਰੀ ਫੂਡ ਪ੍ਰੋਸੈਸਿੰਗ, ਇੰਡਸਟਰੀ, ਰੇਲਵੇ ਦੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਖਿਆ ਕਿ ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ ਦੀ ਬਿਹਤਰੀ ਲਈ ਉਨ੍ਹਾਂ ਦੀਆਂ ਕਣਕ, ਝੋਨੇ ਸਮੇਤ ਸਮੁੱਚੀਆਂ ਫ਼ਸਲਾਂ ਨੂੰ ਚੁੱਕਣ ਲਈ ਅਤੇ ਹੋਰ ਖਰਚਿਆਂ ’ਤੇ 1 ਲੱਖ ਕਰੋੜ ਰੁਪਏ ਖਰਚ ਕਰਦੀ ਹੈ। ਇਸ ਨਾਲ ਮੋਦੀ ਸਰਕਾਰ ਨੇ ਕਣਕ, ਝੋਨੇ ਸਮੇਤ ਬਹੁਤ ਸਾਰੀਆਂ ਫਸਲਾਂ ’ਤੇ ਐੱਮ.ਐੱਸ.ਪੀ. ਵੀ ਦਿੱਤੀ ਹੋਈ ਹੈ, ਇਸ ਲਈ ਕਿਸਾਨਾਂ ਨੂੰ ਸਮਝਣਾ ਚਾਹੀਦਾ ਹੈ। ਰਵਨੀਤ ਬਿੱਟੂ ਇਥੇ ਭਾਜਪਾ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਤੇ ਸਾਬਕਾ ਮੇਅਰ ਸੰਜੀਵ ਸ਼ਰਮਾ ਬਿੱਟੂ ਵੱਲੋਂ ਰੱਖਵਾਏ ਗਏ ਇਕ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਬਿੱਟੂ ਨੇ ਆਖਿਆ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਲਈ ਗੱਲਬਾਤ ਦੇ ਰਸਤੇ ਹਮੇਸ਼ਾ ਖੁੱਲ੍ਹੇ ਰੱਖੇ ਹਨ। ਕਿਸਾਨ ਜਦੋਂ ਮਰਜ਼ੀ ਆ ਕੇ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਗੱਲਬਾਤ ਕਰ ਸਕਦੇ ਹਨ। ਉਨ੍ਹਾਂ ਆਖਿਆ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਵੀ ਕੋਈ ਨਹੀਂ ਰੋਕਦਾ। ਹਾਲ ਹੀ ’ਚ ਕਿਸਾਨ ਨੇਤਾ ਸਾਰੇ ਦੇਸ਼ ਤੋਂ ਇਕੱਠੇ ਹੋ ਕੇ ਦਿੱਲੀ ਪੁੱਜੇ। ਉਨ੍ਹਾਂ ਬਕਾਇਦਾ ਉੱਥੇ ਇਕ ਕਾਨਫਰੰਸ ਵੀ ਕੀਤੀ। ਕਾਨਫਰੰਸ ਤੋਂ ਬਾਅਦ ਸੰਸਦ ਭਵਨ ’ਚ ਵੀ ਕੁਝ ਨੇਤਾਵਾਂ ਨੂੰ ਮਿਲੇ ਪਰ ਕਿਸਾਨਾਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜਿਨ੍ਹਾਂ ਨੇਤਾਵਾਂ ਦੇ ਉਹ ਪਿੱਛੇ ਲੱਗ ਰਹੇ ਹਨ, ਉਹ ਉਨ੍ਹਾਂ ਦਾ ਮਸਲਾ ਨਹੀਂ ਹੱਲ ਕਰਨਗੇ। ਕਿਸਾਨਾਂ ਦਾ ਮਸਲਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੱਲ ਕਰ ਰਹੇ ਹਨ। ਹਾਲ ਹੀ ’ਚ ਬਜਟ ’ਚ ਵੀ ਕਿਸਾਨਾਂ ਨੂੰ ਅਰਬਾਂ ਰੁਪਏ ਦੀਆਂ ਸੌਗਾਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨੀ ਧਰਨੇ ਨਾਲ ਸਮੁੱਚਾ ਪੰਜਾਬ, ਹਰਿਆਣਾ, ਦਿੱਲੀ ਸਮੇਤ ਕਈ ਸੂਬਿਆਂ ਦਾ ਵਪਾਰ ਪ੍ਰਭਾਵਿਤ ਹੋ ਰਿਹਾ ਹੈ। ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਰਸਤਾ ਖੋਲ੍ਹਣ। ਕੇਂਦਰ ਸਰਕਾਰ ਹਮੇਸ਼ਾ ਕਿਸਾਨਾਂ ਦੇ ਹਿੱਤਾਂ ’ਚ ਵਿਚਰੀ ਹੈ। ਇਸ ਲਈ ਕੁਝ ਕਿਸਾਨ ਨੇਤਾ ਜੋ ਕਿ ਆਪਣੀ ਸਿਆਸੀ ਰੋਟੀਆਂ ਸੇਕ ਰਹੇ ਹਨ, ਉਨ੍ਹਾਂ ਨੂੰ ਦੇਸ਼ ਦੇ ਹਿੱਤ ਲਈ ਕੰਮ ਕਰਨਾ ਚਾਹੀਦਾ ਹੈ।

# ਗਾਇਕਾ ਸੁਨੰਦਾ ਸ਼ਰਮਾ ਨੇ ਨੀਲਾ ਸੂਟ ਅਤੇ ਕਾਲੀਆਂ ਐਨਕਾਂ ਪਾ ਕੇ ਤਸਵੀਰਾਂ ਕੀਤੀਆਂ ਸਾਂਝੀਆਂ

ਸੁਨੰਦਾ ਸ਼ਰਮਾ ਪੰਜਾਬੀ ਮਨੋਰੰਜਨ ਜਗਤ ਦੀ ਸ਼ਾਨਦਾਰ ਗਾਇਕਾ ਹੈ। ਸੁਨੰਦਾ ਸ਼ਰਮਾ ਆਏ ਦਿਨ ਨਵੀਆਂ ਫੋਟੋਆਂ ਸਾਂਝੀਆਂ ਕਰਦੀ ਰਹਿੰਦੀ ਹੈ।ਹਾਲ ਹੀ 'ਚ ਸੁਨੰਦਾ ਸ਼ਰਮਾ ਨੇ ਆਪਣੀਆਂ ਨਵੀਆਂ ਫੋਟੋਆਂ ਸਾਂਝੀਆਂ ਕੀਤੀਆਂ ਹਨ,



ਇੰਨ੍ਹਾਂ ਤਸਵੀਰਾਂ 'ਚ ਅਦਾਕਾਰਾ ਨੇ ਨੀਲਾ ਸੂਟ ਅਤੇ ਕਾਲੀਆਂ ਐਨਕਾਂ ਪਾਈਆਂ ਹੋਈਆਂ ਹਨ।ਤਸਵੀਰਾਂ ਦੇਖ ਕੇ ਫੈਨਜ਼ ਕੁਮੈਂਟ ਕਰ ਰਹੇ ਹਨ ਅਤੇ ਉਸ ਦੀ ਸਾਦਗੀ ਹਰ ਕੋਈ ਤਾਰੀਫ਼ ਕਰ ਰਿਹਾ ਹੈ।ਉਸ ਨੇ ਬਹੁਤ ਸਾਰੇ ਸੁਪਰਹਿੱਟ ਗੀਤ ਗਾਏ ਹਨ ਅਤੇ ਉਸ ਦੇ ਗੀਤਾਂ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ।

# ਗਾਇਕ ਗਿੱਪੀ ਗਰੇਵਾਲ ਨੇ ਆਪਣੇ ਦੋਸਤ ਨੂੰ ਦਿੱਤਾ ਇਹ ਖ਼ਾਸ ਤੋਹਫਾ




ਪੰਜਾਬੀ ਗਾਇਕ ਗਿੱਪੀ ਗਰੇਵਾਲ ਇਕ ਮਸ਼ਹੂਰ ਗਾਇਕ ਹਨ ਅਤੇ ਕਿਸੇ ਪਛਾਣ ਦੇ ਮੋਹਤਾਜ ਨਹੀਂ ਹਨ। ਉਨ੍ਹਾਂ ਆਪਣੀ ਅਦਾਕਾਰੀ ਅਤੇ ਗਾਇਕੀ ਦੇ ਚੱਲਦੇ ਦੇਸ਼ ਹੀ ਨਹੀਂ ਸਗੋ ਵਿਦੇਸ਼ ਵਿੱਚ ਵੀ ਆਪਣੇ ਹੁਨਰ ਦਾ ਝੰਡੇ ਗੱਡੇ ਹਨ।ਉਨ੍ਹਾਂ ਨੇ ਕਈ ਮਸ਼ਹੂਰ ਪੰਜਾਬੀ ਫ਼ਿਲਮਾਂ ਕੀਤੀਆਂ ਹਨ ਜੋ ਸੁਪਰਹਿੱਟ ਰਹੀਆਂ ਹਨ। ਗਾਇਕ ਨੇ ਪੰਜਾਬੀ ਦੇ ਨਾਲ-ਨਾਲ ਹਿੰਦੀ ਸਿਨੇਮਾ ਜਗਤ 'ਚ ਵੀ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ।ਦੱਸ ਦੇਈਏ ਕਿ ਹਾਲ ਹੀ 'ਚ ਗਾਇਕ ਨੇ ਆਪਣੇ ਖਾਸ ਦੋਸਤ ਨੂੰ ਤੋਹਫਾ ਦਿੱਤਾ ਹੈ।ਦਰਅਸਲ, ਗਿੱਪੀ ਗਰੇਵਾਲ ਨੇ ਆਪਣੇ ਖਾਸ ਦੋਸਤ ਨੂੰ ਬੀ.ਐਮ.ਡਬਲਯੂ ਗੱਡੀ ਤੋਹਫ਼ੇ ਵਜੋਂ ਦਿੱਤੀ ਹੈ। ਜਿਸ ਦੀ ਹਰ ਪਾਸੇ ਖੂਬ ਚਰਚਾ ਹੋ ਰਹੀ ਹੈ। ਦੱਸ ਦੇਈਏ ਕਿ ਇਹ ਸ਼ਖਸ਼ ਕੋਈ ਹੋਰ ਨਹੀਂ ਬਲਕਿ ਹੰਬਲ ਮੋਸ਼ਨ ਪਿਕਚਰਜ਼ ਦੇ ਨਿਰਮਾਤਾ Bhana LA ਹਨ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਇੱਕ ਤਸਵੀਰ ਸ਼ੇਅਰ ਕਰਦੇ ਹੋਏ ਕੈਪਸ਼ਨ 'ਚ ਗਿੱਪੀ ਵੱਲੋਂ ਤੋਹਫ਼ੇ 'ਚ ਦਿੱਤੀ ਗੱਡੀ ਨੂੰ ਦਿਖਾਇਆ ਹੈ। ਤਸਵੀਰ ਨੂੰ ਕੈਪਸ਼ਨ ਦਿੰਦੇ ਹੋਏ ਉਨ੍ਹਾਂ ਨੇ ਲਿਖਿਆ, ਲਾਟਰੀ ਕੱਲੀ ਪੈਸਿਆਂ ਦੀ ਨਹੀਂ ਹੁੰਦੀ😊 ਚੰਗੇ ਇਨਸਾਨਾਂ ਦਾ ਮਿਲਣਾ ਵੀ ਕਿਸੇ ਲਾਟਰੀ ਤੋਂ ਘੱਟ ਨਹੀ😊 Thank You @gippygrewal Bai For Gifting This Beauty ❤❤🙏🙏..। ਉਨ੍ਹਾਂ ਦੀ ਇਸ ਪੋਸਟ ਕਈ ਫੈਨਜ਼ ਕੁਮੈਂਟ ਕਰ ਰਹੇ ਹਨ ਅਤੇ ਗਾਇਕ ਦੀ ਤਾਰੀਫ਼ ਕਰ ਰਹੇ ਹਨ



# ਇਸ ਮਸ਼ਹੂਰ ਅਦਾਕਾਰਾ ਦੀ ਹੋਈ ਮੌਤ, ਇੰਡਸਟਰੀ 'ਚ ਸੋਗ ਦੀ ਲਹਿਰ



ਹਾਲ ਹੀ 'ਚ ਬਾਲੀਵੁੱਡ ਅਦਾਕਾਰ ਅਤੇ ਨਿਰਮਾਤਾ ਕ੍ਰਿਸ਼ਨ ਕੁਮਾਰ ਦੀ ਬੇਟੀ ਤਿਸ਼ਾ ਕੁਮਾਰ ਦੇ ਦਿਹਾਂਤ ਦੀ ਖਬਰ ਆਉਣ 'ਤੇ ਸਿਨੇਮਾ ਜਗਤ 'ਚ ਸੋਗ ਦੇ ਬੱਦਲ ਛਾਅ ਗਏ। ਇਸ ਦੌਰਾਨ ਹੁਣ ਇੱਕ ਵਾਰ ਫਿਰ ਫਿਲਮ ਇੰਡਸਟਰੀ ਤੋਂ ਬਹੁਤ ਹੀ ਦੁਖਦਾਈ ਖਬਰ ਸਾਹਮਣੇ ਆ ਰਹੀ ਹੈ। ਜੀ ਹਾਂ, ਆਸਟ੍ਰੇਲੀਆ ਦੇ ਮਸ਼ਹੂਰ ਟੀਵੀ ਸ਼ੋਅ 'ਨੇਬਰਜ਼' ਫੇਮ ਅਦਾਕਾਰਾ Janet Andrewartha ਦਾ ਦਿਹਾਂਤ ਹੋ ਗਿਆ ਹੈ। ਅਦਾਕਾਰਾ ਦੇ ਅਚਾਨਕ ਦਿਹਾਂਤ ਕਾਰਨ ਮਨੋਰੰਜਨ ਜਗਤ 'ਚ ਇੱਕ ਵਾਰ ਫਿਰ ਸੋਗ ਦੀ ਲਹਿਰ ਹੈ। ਹਰ ਕੋਈ ਅਦਾਕਾਰਾ ਲਈ ਪ੍ਰਾਰਥਨਾ ਕਰ ਰਿਹਾ ਹੈ ਅਤੇ ਉਸ ਨੂੰ ਸ਼ਰਧਾਂਜਲੀ ਦੇ ਰਿਹਾ ਹੈ।

**ਸੋਸ਼ਲ ਮੀਡੀਆ 'ਤੇ ਦਿੱਤੀ ਜਾਣਕਾਰੀ**

ਤੁਹਾਨੂੰ ਦੱਸ ਦੇਈਏ ਕਿ ਨੇਬਰਸ ਨੇ ਆਪਣੇ ਐਕਸ ਅਕਾਊਂਟ 'ਤੇ ਇਕ ਪੋਸਟ ਰਾਹੀਂ Janet ਦੀ ਮੌਤ ਦੀ ਖਬਰ ਦਿੱਤੀ ਹੈ। ਇਸ ਪੋਸਟ ਨੂੰ ਸ਼ੇਅਰ ਕਰਦੇ ਹੋਏ ਲਿਖਿਆ ਗਿਆ ਕਿ Janet Andrewartha ਦੇ ਦਿਹਾਂਤ ਤੋਂ ਨੇਬਰਸ 'ਚ ਹਰ ਕੋਈ ਬਹੁਤ ਦੁਖੀ ਹੈ। ਦਰਸ਼ਕਾਂ ਦੀ ਪਸੰਦੀਦਾ ਅਦਾਕਾਰਾ Janet ਨੂੰ ਰਾਮਸੇ ਸਟ੍ਰੀਟ ਦੀ ਲਿਨ ਸਕਲੀ ਦੀ ਭੂਮਿਕਾ ਲਈ ਹਮੇਸ਼ਾ ਯਾਦ ਕੀਤਾ ਜਾਵੇਗਾ। ਇਸ ਸਮੇਂ Janet ਦੇ ਪਰਿਵਾਰ ਅਤੇ ਅਜ਼ੀਜ਼ਾਂ ਪ੍ਰਤੀ ਸਾਡੀ ਸੰਵੇਦਨਾ ਹੈ। ਸੋਸ਼ਲ ਮੀਡੀਆ 'ਤੇ ਹਰ ਕੋਈ Janet ਲਈ ਪ੍ਰਾਰਥਨਾ ਕਰ ਰਿਹਾ ਹੈ।

**72 ਸਾਲ ਦੀ ਉਮਰ 'ਚ ਹੋਇਆ ਦਿਹਾਂਤ**

ਜ਼ਿਕਰਯੋਗ ਹੈ ਕਿ ਮਸ਼ਹੂਰ ਅਦਾਕਾਰਾ Janet 72 ਸਾਲ ਦੀ ਉਮਰ 'ਚ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ ਹੈ। ਉਨ੍ਹਾਂ ਦੇ ਦਿਹਾਂਤ ਦੀ ਖਬਰ ਮਿਲਦੇ ਹੀ ਫਿਲਮ ਇੰਡਸਟਰੀ 'ਚ ਸੋਗ ਦੀ ਲਹਿਰ ਦੌੜ ਗਈ। ਰਿਪੋਰਟਾਂ ਦੀ ਮੰਨੀਏ ਤਾਂ ਕਿਹਾ ਜਾ ਰਿਹਾ ਹੈ ਕਿ Janet Andrewartha ਦੀ ਸ਼ੁੱਕਰਵਾਰ ਨੂੰ ਮੌਤ ਹੋ ਗਈ। ਅਦਾਕਾਰਾ ਰਾਤ ਨੂੰ ਅਚਾਨਕ ਸੁੱਤੀ ਹੀ ਸੌਂ ਗਈ।

**ਟੀਚਰ ਵੀ ਰਹਿ ਚੁੱਕੀ ਹੈ Janet**

Janet ਦੀ ਗੱਲ ਕਰੀਏ ਤਾਂ ਉਸ ਦਾ ਜਨਮ ਆਸਟ੍ਰੇਲੀਆ ਦੇ ਮੈਲਬੋਰਨ 'ਚ ਹੋਇਆ ਸੀ। ਆਪਣੇ ਕਰੀਅਰ ਦੀ ਸ਼ੁਰੂਆਤ 'ਚ Andrewartha ਇੱਕ ਅਦਾਕਾਰਾ ਨਹੀਂ ਬਣਨਾ ਚਾਹੁੰਦੀ ਸੀ। ਜੀ ਹਾਂ, ਅਦਾਕਾਰਾ ਬਣਨ ਤੋਂ ਪਹਿਲਾਂ Andrewartha ਇੱਕ ਸੰਗੀਤ ਅਧਿਆਪਕ ਵਜੋਂ ਕੰਮ ਕਰਦੀ ਸੀ। ਜਦੋਂ Andrewartha ਇੱਕ ਹਾਈ ਸਕੂਲ 'ਚ ਕੰਮ ਕਰਦੀ ਸੀ, ਤਾਂ ਉਸ ਦੇ ਪ੍ਰਿੰਸੀਪਲ ਨੇ Andrewartha ਨੂੰ ਸਾਲ ਦੇ ਅੰਤ 'ਚ 10ਵੀਂ ਜਮਾਤ ਦੇ ਵਿਦਿਆਰਥੀਆਂ ਨਾਲ ਸਟੇਜ 'ਤੇ ਪ੍ਰਦਰਸ਼ਨ ਕਰਨ ਲਈ ਕਿਹਾ।

Andrewartha ਨੂੰ ਥੀਏਟਰ ਬਾਰੇ ਕੁਝ ਨਹੀਂ ਪਤਾ ਸੀ ਅਤੇ ਉਸ ਨੂੰ ਨਿਰਮਾਣ 'ਚ ਸਹਾਇਤਾ ਕਰਨ ਲਈ ਅਧਿਐਨ ਕਰਨ ਲਈ ਕਿਹਾ ਗਿਆ ਸੀ। ਹਾਲਾਂਕਿ, ਇਹ ਸਭ ਪੂਰਾ ਕਰਨ ਤੋਂ ਤੁਰੰਤ ਬਾਅਦ, Andrewartha ਨੇ ਪੜ੍ਹਾਉਣਾ ਛੱਡ ਦਿੱਤਾ। ਫਿਰ ਉਸਨੇ ਮੈਲਬੌਰਨ 'ਚ ਨੈਸ਼ਨਲ ਥੀਏਟਰ 'ਚ ਤਿੰਨ ਸਾਲਾਂ ਦੇ ਡਰਾਮਾ ਸਕੂਲ ਕੋਰਸ 'ਚ ਭਾਗ ਲਿਆ। Janet ਨੇ 1979 'ਚ ਨੈਸ਼ਨਲ ਥੀਏਟਰ ਤੋਂ ਗ੍ਰੈਜੂਏਸ਼ਨ ਕੀਤੀ। ਇਸ ਤੋਂ ਬਾਅਦ ਉਹ ਅਦਾਕਾਰੀ ਵੱਲ ਮੁੜੀ ਅਤੇ ਇੱਕ ਸ਼ਾਨਦਾਰ ਅਦਾਕਾਰਾ ਵਜੋਂ ਦੁਨੀਆ ਦੇ ਸਾਹਮਣੇ ਆਈ।

# ਸੜਕ 'ਤੇ ਲੱਗੀ ਅੱਗ ਤੋਂ ਮੁਸ਼ਕਲ ਨਾਲ ਬਚੇ ਵਰੁਣ ਧਵਨ



ਬਾਲੀਵੁੱਡ ਅਦਾਕਾਰਾ ਵਰੁਣ ਧਵਨ ਨੇ ਇਕ ਵਾਰ ਫਿਰ ਮੁੰਬਈ ਪੁਲਸ ਦੀ ਤਾਰੀਫ ਕੀਤੀ ਹੈ। ਉਸ ਨੇ ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਅੱਗ ਲੱਗਣ ਦੀ ਘਟਨਾ 'ਤੇ ਪ੍ਰਤੀਕਿਰਿਆ ਦਿੱਤੀ। ਉਸ ਨੇ ਮੁੰਬਈ ਪੁਲਿਸ ਦੀ ਤਾਰੀਫ਼ ਕਰਦੇ ਹੋਏ ਇੱਕ ਇੰਸਟਾਗ੍ਰਾਮ ਪੋਸਟ ਸ਼ੇਅਰ ਕੀਤੀ ਹੈ। ਵਰੁਣ ਨੇ ਦੱਸਿਆ ਕਿ ਉਹ ਖੁਦ ਉਸ ਸਮੇਂ ਘਟਨਾ ਦਾ ਗਵਾਹ ਸਨ। ਅਦਾਕਾਰ ਉਸ ਸਮੇਂ ਘਟਨਾ ਵਾਲੇ ਸਥਾਨ 'ਤੇ ਮੌਜੂਦ ਸਨ। ਫਿਰ ਉਹ ਇਸ ਗੱਲ ਤੋਂ ਕਾਫੀ ਪ੍ਰਭਾਵਿਤ ਹੋਏ ਕਿ ਪੁਲਸ ਨੇ ਤੁਰੰਤ ਸਥਿਤੀ ਨੂੰ ਕਿਵੇਂ ਸੰਭਾਲਿਆ।ਵਰੁਣ ਧਵਨ ਨੇ ਇੰਸਟਾਗ੍ਰਾਮ ਸਟੋਰੀ 'ਤੇ ਸੜਕ 'ਤੇ ਲੱਗੀ ਅੱਗ ਦੀ ਵੀਡੀਓ ਕਲਿੱਪ ਸ਼ੇਅਰ ਕੀਤੀ ਹੈ। ਅੱਗ ਲੱਗਣ ਕਾਰਨ ਸੜਕ 'ਤੇ ਹਫੜਾ-ਦਫੜੀ ਮੱਚ ਗਈ। ਉਸ ਨੇ ਕਿਹਾ ਕਿ ਉਹ ਉਸ ਸਮੇਂ ਉੱਥੇ ਮੌਜੂਦ ਸੀ ਅਤੇ ਪੁਲਸ ਦੇ ਕੰਮ ਤੋਂ ਪ੍ਰਭਾਵਿਤ ਹੋਏ ਸਨ। ਸ਼ਨੀਵਾਰ ਰਾਤ ਨੂੰ ਵਰੁਣ ਧਵਨ ਨੇ ਇੰਸਟਾਗ੍ਰਾਮ ਸਟੋਰੀਜ਼ 'ਤੇ ਆਪਣੀ ਕਾਰ ਤੋਂ ਇਕ ਵੀਡੀਓ ਬਣਾਈ ਅਤੇ ਸ਼ੇਅਰ ਕੀਤੀ। ਵਰੁਣ ਧਵਨ ਨੇ ਸੜਕ 'ਤੇ ਅੱਗ ਲੱਗਣ ਦੀ ਘਟਨਾ ਨੂੰ ਕੈਦ ਕੀਤਾ ਅਤੇ ਜੋ ਦੇਖਿਆ, ਉਸ ਨੂੰ ਬਿਆਨ ਕੀਤਾ। ਉਨ੍ਹਾਂ ਪੁਲਸ ਦੀ ਤੇਜ਼ ਕਾਰਵਾਈ ਦੀ ਤਾਰੀਫ਼ ਕੀਤੀ। ਅਦਾਕਾਰਾ ਨੇ ਵੀਡੀਓ ਕੈਪਸ਼ਨ 'ਚ ਲਿਖਿਆ, "ਮੁੰਬਈ ਦੀਆਂ ਰਾਤਾਂ। ਇਹ ਦੇਖਣਾ ਹਮੇਸ਼ਾ ਚੰਗਾ ਹੁੰਦਾ ਹੈ ਕਿ ਮੁੰਬਈ ਪੁਲਸ ਨੂੰ ਤੁਰੰਤ ਮੌਕੇ 'ਤੇ ਪਹੁੰਚਣਾ ਅਤੇ ਸਥਿਤੀ ਨੂੰ ਕੰਟਰੋਲ ਕਰਨਾ।" ਵਰੁਣ ਨੇ ਕਿਹਾ, "ਸ਼ੁਕਰ ਹੈ ਕਿ ਮੈਂ ਜਲਦੀ ਉਥੋਂ ਨਿਕਲ ਗਿਆ।"

# ਦਿ ਲਾਰਡਸ ਆਫ ਦਿ ਰਿੰਗ ਦੇ ਦੂਜੇ ਸੀਜ਼ਨ ਦਾ ਟ੍ਰੇਲਰ ਜਾਰੀ



ਪ੍ਰਾਈਮ ਵੀਡੀਓ ਨੇ ਐਪਿਕ ਸੀਰੀਜ਼ 'ਦਿ ਲਾਰਡ ਆਫ ਦਿ ਰਿੰਗਸ : ਦਿ ਰਿੰਗਸ ਆਫ ਪਾਵਰ' ਦੇ ਦੂਜੇ ਸੀਜ਼ਨ ਦਾ ਟ੍ਰੇਲਰ ਰਿਲੀਜ਼ ਕੀਤਾ ਹੈ। ਸ਼ੋਅ ਦੇ ਨਿਰਮਾਤਾ ਜੇ.ਡੀ.ਪੈਨ ਤੇ ਪੈਟ੍ਰਿਕ ਮੈਕਕੇ ਨਾਲ ਐਮੀ ਨਾਮਜ਼ਦ ਅਦਾਕਾਰਾ ਤੇ ਮਸ਼ਹੂਰ ਜੇਨਰ ਯਵੇਟ ਨਿਕੋਲ ਬ੍ਰਾਊਨ ਦੁਆਰਾ ਸੰਚਾਲਿਤ ਇਕ ਜੀਵੰਤ ਤੇ ਸੂਝਵਾਨ ਗੱਲਬਾਤ ਲਈ ਹਾਲ ਐੱਚ ਮੰਚ 'ਤੇ ਇਕ ਦਰਜਨ ਤੋਂ ਵੱਧ ਕਾਸਟ ਮੈਂਬਰ ਸ਼ਾਮਿਲ ਹੋਏ। ਕਲਾਕਾਰਾਂ ਦੀ ਟੋਲੀ ਨੇ ਵਿਸ਼ਾਲ ਕੇਂਦਰ ਹਾਲ 'ਚ ਆਏ 6,500 ਪ੍ਰਸ਼ੰਸਕਾਂ ਨੂੰ ਆਗਾਮੀ ਸੀਜ਼ਨ ਲਈ ਇਕ ਨਵਾਂ ਵਿਸ਼ੇਸ਼ ਟ੍ਰੇਲਰ ਜਾਰੀ ਕਰ ਕੇ ਰੋਮਾਂਚਿਤ ਕਰ ਦਿੱਤਾ।ਐਕਸ਼ਨ-ਪੈਕਡ ਇਸ ਟ੍ਰੇਲਰ 'ਚ ਬਦਨਾਮ ਖਲਨਾਇਕ ਸੌਰੋਨ ਦੇ ਲੰਬੇ ਸਮੇਂ ਤੋਂ ਬਾਅਦ ਦੁਬਾਰਾ ਆਉਣ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਜੋ ਕਈ ਸਾਲਾਂ ਦੀ ਮਿਹਨਤ ਨਾਲ ਸ਼ਾਂਤੀ ਬਣਾਈ ਰੱਖਣ ਦੇ ਬਾਅਦ ਮੱਧ-ਧਰਤੀ 'ਤੇ ਹਨੇਰੇ ਤੇ ਬੁਰਾਈ ਦੀ ਵਾਪਸੀ ਦਾ ਐਲਾਨ ਕਰਦਾ ਹੈ।

# ਅਦਾਕਾਰਾ ਨੀਰੂ ਬਾਜਵਾ ਨੇ ਪਰਿਵਾਰ ਨਾਲ ਟਾਈਮ ਸਪੈਂਡ ਕਰਦੇ ਦੀਆਂ ਤਸਵੀਰਾਂ ਕੀਤੀਆਂ ਸਾਂਝੀਆਂ



ਜੱਟ ਐਂਡ ਜੂਲੀਅਟ 3' ਰਿਲੀਜ਼ ਹੁੰਦੇ ਹੀ ਬਾਕਸ ਆਫਿਸ 'ਤੇ ਹਿੱਟ ਹੋ ਗਈ ਹੈ। ਇਹ ਫ਼ਿਲਮ ਬਾਕਸ ਆਫਿਸ 'ਤੇ ਹਾਲੇ ਵੀ ਸ਼ਾਨਦਾਰ ਕਲੈਕਸ਼ਨ ਕਰ ਰਹੀ ਹੈ। ਉਥੇ ਹੀ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਨ੍ਹਾਂ ਨੇ ਪ੍ਰਸ਼ੰਸਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।ਨੀਰੂ ਬਾਜਵਾ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ।ਹਾਲ ਹੀ 'ਚ ਨੀਰੂ ਬਾਜਵਾ ਨੇ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜੋ ਹਰ ਪਾਸੇ ਛਾਈਆਂ ਹੋਈਆਂ ਹਨ। ਇਨ੍ਹਾਂ ਤਸਵੀਰਾਂ 'ਚ ਨੀਰੂ ਬਾਜਵਾ ਆਪਣੇ ਪਰਿਵਾਰ ਨਾਲ ਕੁਆਲਿਟੀ ਟਾਈਮ ਸਪੈਂਡ ਕਰ ਰਹੀ ਹੈ। 'ਜੱਟ ਐਂਡ ਜੂਲੀਅਟ' ਦਾ ਤੀਜਾ ਭਾਗ 11 ਸਾਲਾਂ ਬਾਅਦ ਆਇਆ ਹੈ। ਇਸ ਫ਼ਿਲਮ 'ਚ ਦਿਲਜੀਤ ਅਤੇ ਨੀਰੂ ਬਾਜਵਾ ਦੀ ਆਨਸਕ੍ਰੀਨ ਕੈਮਿਸਟਰੀ ਨੂੰ ਦਰਸ਼ਕ ਕਾਫ਼ੀ ਪਸੰਦ ਕਰ ਰਹੇ ਹਨ।ਇਸ ਦੌਰਾਨ ਫ਼ਿਲਮ ਦੀ ਸਟਾਰ ਕਾਸਟ ਬਾਰੇ ਗੱਲ ਕਰੀਏ ਤਾਂ ਦਿਲਜੀਤ ਦੋਸਾਂਝ, ਨੀਰੂ ਬਾਜਵਾ, ਜੈਸਮੀਨ ਬਾਜਵਾ, ਰਾਣਾ ਰਣਬੀਰ, ਬੀਐਨ ਸ਼ਰਮਾ, ਅਕਰਮ ਉਦਾਸ ਅਤੇ ਹਰਦੀਪ ਗਿੱਲ ਮੁੱਖ ਭੂਮਿਕਾਵਾਂ 'ਚ ਨਜ਼ਰ ਆਏ ਹਨ। ਫ਼ਿਲਮ ਦੇ ਗੀਤਕਾਰ ਜਾਨੀ ਅਤੇ ਸਾਗਰ ਹਨ ਜਦਕਿ ਇਸ ਦਾ ਸੰਗੀਤ ਬਨੀ ਨੇ ਦਿੱਤਾ ਹੈ।



# ਮਹਿੰਗਾਈ ਦੀ ਮਾਰ, ਜ਼ਿਆਦਾਤਰ ਕਿਸਾਨ ਘਾਟੇ 'ਚ



ਭਾਰਤ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਕਿਸਾਨ ਭਾਈਚਾਰਾ ਉੱਚ ਲਾਗਤਾਂ ਨਾਲ ਜੂਝ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਨਿਊਜ਼ੀਲੈਂਡ ਦੇ ਕਿਸਾਨ ਉੱਚ ਕਰਜ਼ੇ ਅਤੇ ਵਿਆਜ ਦਰਾਂ ਕਾਰਨ ਸਾਲ ਦੀ ਸ਼ੁਰੂਆਤ ਤੋਂ ਹੀ ਘੱਟ ਆਤਮ ਵਿਸ਼ਵਾਸ ਨਾਲ ਜੂਝ ਰਹੇ ਹਨ। ਨਿਊਜ਼ੀਲੈਂਡ ਦੇ 1,400 ਡੇਅਰੀ, ਭੇਡਾਂ, ਬੀਫ ਅਤੇ ਕਾਸ਼ਤ ਯੋਗ ਕਿਸਾਨਾਂ ਦੇ ਤਾਜ਼ਾ ਫਾਰਮ ਭਰੋਸੇ ਸਰਵੇਖਣ ਨੇ ਦਿਖਾਇਆ ਹੈ ਕਿ ਆਤਮ ਵਿਸ਼ਵਾਸ ਇਤਿਹਾਸਕ ਤੌਰ 'ਤੇ ਘੱਟ ਖੇਤਰ ਤੱਕ ਸੀਮਤ ਰਹਿ ਗਿਆ ਹੈ।


ਇੱਕ ਸੁਤੰਤਰ ਗ੍ਰਾਮੀਣ ਵਕਾਲਤ ਸੰਗਠਨ, ਫੈਡਰੇਟਿਡ ਫਾਰਮਰਜ਼ ਦੁਆਰਾ ਕਰਵਾਏ ਗਏ ਸਰਵੇਖਣ ਵਿੱਚ ਦਿਖਾਇਆ ਗਿਆ ਹੈ ਕਿ 69 ਪ੍ਰਤੀਸ਼ਤ ਕਿਸਾਨ ਮੌਜੂਦਾ ਆਰਥਿਕ ਸਥਿਤੀਆਂ ਨੂੰ "ਖਰਾਬ" ਮੰਨਦੇ ਹਨ, ਜੋ 11 ਅੰਕਾਂ ਦੀ ਗਿਰਾਵਟ ਹੈ ਅਤੇ ਸਰਵੇਖਣ ਦੇ ਇਤਿਹਾਸ ਵਿੱਚ ਦਰਜ ਕੀਤਾ ਗਿਆ ਦੂਜਾ ਸਭ ਤੋਂ ਘੱਟ ਅੰਕੜਾ ਹੈ। ਸਰਵੇਖਣ ਵਿੱਚ ਦਿਖਾਇਆ ਗਿਆ ਹੈ ਕਿ ਸਾਰੇ ਕਿਸਾਨਾਂ ਵਿੱਚੋਂ ਇੱਕ ਤਿਹਾਈ ਘਾਟੇ ਵਿਚ ਹਨ, ਜਦਕਿ ਚਾਰ ਵਿੱਚੋਂ ਇੱਕ ਕਿਸਾਨ ਲਾਭ ਦੀ ਰਿਪੋਰਟ ਕਰ ਰਿਹਾ ਹੈ।ਛੇ-ਮਾਸਿਕ ਸਰਵੇਖਣ ਵਿੱਚ ਕਿਸਾਨਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਕਿ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਹੁਨਰਮੰਦ ਅਤੇ ਪ੍ਰੇਰਿਤ ਸਟਾਫ ਦੀ ਭਰਤੀ ਕਰਨ ਦਾ ਇਹ ਸਭ ਤੋਂ ਔਖਾ ਸਮਾਂ ਸੀ, ਭਰਤੀ ਕਰਨ ਦੀ ਯੋਗਤਾ ਹੁਣ ਜੁਲਾਈ 2012 ਤੋਂ ਸਭ ਤੋਂ ਹੇਠਲੇ ਪੱਧਰ 'ਤੇ ਹੈ। ਸਰਵੇਖਣ ਮੁਤਾਬਕ ਕਿਸਾਨਾਂ ਲਈ ਇਸ ਸਮੇਂ ਸਭ ਤੋਂ ਵੱਡੀ ਚਿੰਤਾਵਾਂ ਵਿੱਚ ਕਰਜ਼ਾ, ਵਿਆਜ ਦਰਾਂ, ਬੈਂਕਾਂ, ਉਸ ਤੋਂ ਬਾਅਦ ਫਾਰਮ-ਗੇਟ ਅਤੇ ਜਿਣਸਾਂ ਦੀਆਂ ਕੀਮਤਾਂ, ਨਿਯਮ ਅਤੇ ਪਾਲਣਾ ਅਤੇ ਇਨਪੁਟ ਲਾਗਤ ਸ਼ਾਮਲ ਹਨ। ਇਸ ਨੇ ਸਰਕਾਰ ਨੂੰ ਕਿਸਾਨਾਂ ਦੇ ਵਿਸ਼ਵਾਸ ਨੂੰ ਬਹਾਲ ਕਰਨ ਲਈ ਇਨ੍ਹਾਂ ਖੇਤਰਾਂ ਨੂੰ ਹੱਲ ਕਰਨ ਲਈ ਕਿਹਾ ਹੈ। ਫੈਡਰੇਟਿਡ ਫਾਰਮਰਜ਼ ਦੇ ਰਾਸ਼ਟਰੀ ਪ੍ਰਧਾਨ ਵੇਨ ਲੈਂਗਫੋਰਡ ਨੇ ਕਿਹਾ, "ਕਿਸਾਨ ਪਿਛਲੇ ਕੁਝ ਸਮੇਂ ਤੋਂ ਮੁਸ਼ਕਲ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਉੱਚ ਵਿਆਜ ਦਰਾਂ, ਵਸਤੂਆਂ ਦੀਆਂ ਘੱਟ ਕੀਮਤਾਂ ਅਤੇ ਅਸਮਾਨੀ ਉੱਚੀ ਲਾਗਤਾਂ ਨੇ ਉਨ੍ਹਾਂ ਲਈ ਰੋਜ਼ੀ-ਰੋਟੀ ਕਮਾਉਣਾ ਔਖਾ ਬਣਾ ਦਿੱਤਾ ਹੈ।"

# ਜੈਸ਼ੰਕਰ ਨੇ ਆਸਟ੍ਰੇਲੀਆਈ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ




ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸੋਮਵਾਰ ਨੂੰ ਟੋਕੀਓ ਵਿਚ ਆਪਣੇ ਆਸਟ੍ਰੇਲੀਆਈ ਹਮਰੁਤਬਾ ਪੇਨੀ ਵੋਂਗ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਨੇਤਾਵਾਂ ਨੇ ਸੁਰੱਖਿਆ, ਵਪਾਰ ਅਤੇ ਸਿੱਖਿਆ ਸਮੇਤ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਵਿਹਾਰਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਕਦਮਾਂ 'ਤੇ ਚਰਚਾ ਕੀਤੀ। ਜੈਸ਼ੰਕਰ ਅਤੇ ਵੋਂਗ ਕਵਾਡ (ਚਤੁਰਭੁਜ ਸੁਰੱਖਿਆ ਸੰਵਾਦ) ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਟੋਕੀਓ ਵਿੱਚ ਹਨ।ਜੈਸ਼ੰਕਰ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ,''ਟੋਕੀਓ ਵਿਚ ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਪੇਨੀ ਵੋਂਗ ਨਾਲ ਮੁਲਾਕਾਤ ਨਾਲ ਦਿਨ ਦੀ ਸ਼ੁਰੂਆਤ ਹੋਈ। ਸੁਰੱਖਿਆ, ਵਪਾਰ ਤੇ ਸਿੱਖਿਆ ਸਮੇਤ ਵੱਖ-ਵੱਖ ਖੇਤਰਾਂ ਨੂੰ ਮਜ਼ਬੂਤ ਕਰਨ ਲਈ ਅਗਲੇ ਕਦਮਾਂ 'ਤੇ ਗੱਲ ਕੀਤੀ। ਨਾਲ ਹੀ ਹਿੰਦ ਪ੍ਰਸ਼ਾਂਤ ਖੇਤਰ ਵਿਚ ਸਾਡੇ ਵਿਹਾਰਿਕ ਸਹਿਯੋਗ ਨੂੰ ਡੂੰਘਾ ਕਰਨ 'ਤੇ ਵੀ ਚਰਚਾ ਕੀਤੀ। ਜਲਦ ਸ਼ੁਰੂ ਹੋਣ ਵਾਲੀ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਇਸ ਨੂੰ ਜਾਰੀ ਰੱਖਣ ਦੀ ਉਮੀਦ ਹੈ। ਭਾਰਤ, ਜਾਪਾਨ, ਅਮਰੀਕਾ ਅਤੇ ਆਸਟ੍ਰੇਲੀਆ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਮਹੱਤਵਪੂਰਨ ਸਮੁੰਦਰੀ ਮਾਰਗਾਂ ਨੂੰ ਕਿਸੇ ਵੀ ਪ੍ਰਭਾਵ ਤੋਂ ਮੁਕਤ ਰੱਖਣ ਲਈ ਇੱਕ ਨਵੀਂ ਰਣਨੀਤੀ ਵਿਕਸਿਤ ਕਰਨ ਲਈ ਨਵੰਬਰ 2017 ਵਿੱਚ 'ਕਵਾਡ' ਦੀ ਸਥਾਪਨਾ ਕੀਤੀ। ਜੈਸ਼ੰਕਰ ਨੇ ਐਤਵਾਰ ਨੂੰ ਆਪਣੇ ਅਮਰੀਕੀ ਹਮਰੁਤਬਾ ਐਂਟਨੀ ਬਲਿੰਕਨ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਿੰਨ ਹਫ਼ਤੇ ਪਹਿਲਾਂ ਰੂਸ ਦੇ ਦੌਰੇ ਕਾਰਨ ਭਾਰਤ-ਅਮਰੀਕਾ ਸਬੰਧਾਂ ਵਿੱਚ ਆਈ ਬੇਚੈਨੀ ਦੇ ਪਿਛੋਕੜ ਵਿੱਚ "ਵਿਆਪਕ" ਗੱਲਬਾਤ ਕੀਤੀ। ਉਨ੍ਹਾਂ ਨੇ ਟੋਕੀਓ ਦੇ ਐਡੋਗਾਵਾ ਵਿੱਚ ਫਰੀਡਮ ਪਲਾਜ਼ਾ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦਾ ਵੀ ਉਦਘਾਟਨ ਕੀਤਾ। ਜੈਸ਼ੰਕਰ ਕਵਾਡ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਲਈ ਲਾਓਸ ਤੋਂ ਦੋ ਦਿਨਾਂ ਦੌਰੇ 'ਤੇ ਐਤਵਾਰ ਨੂੰ ਜਾਪਾਨ ਪਹੁੰਚੇ।

# Ayesha Takia ਨੇ ਮਾਲ 'ਚ ਕਿਸਾਨ ਨਾਲ ਹੋ ਰਹੇ ਵਿਤਕਰੇ 'ਤੇ ਤੋੜੀ ਚੁੱਪੀ




ਅਦਾਕਾਰਾ ਆਇਸ਼ਾ ਟਾਕੀਆ ਨੇ ਬੈਂਗਲੁਰੂ ਦੇ ਇੱਕ ਮਾਲ 'ਚ ਇੱਕ ਕਿਸਾਨ ਨਾਲ ਵਿਤਕਰੇ 'ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇੱਕ ਕਿਸਾਨ ਨੂੰ ਮਾਲ 'ਚ ਇਸ ਲਈ ਨਹੀਂ ਜਾਣ ਦਿੱਤਾ ਗਿਆ ਕਿਉਂਕਿ ਉਸ ਨੇ ਧੋਤੀ ਪਾਈ ਹੋਈ ਸੀ, ਇਹ ਬੇਹੱਦ ਸ਼ਰਮਨਾਕ ਹੈ। ਆਇਸ਼ਾ ਦੇ ਇੰਸਟਾਗ੍ਰਾਮ 'ਤੇ 17 ਲੱਖ ਫਾਲੋਅਰਜ਼ ਹਨ। ਉਸ ਨੇ ਇੱਕ ਵੀਡੀਓ ਸ਼ੇਅਰ ਕੀਤਾ ਹੈ ਜਿਸ 'ਚ ਇੱਕ ਕਿਸਾਨ ਫਕੀਰੱਪਾ ਨੂੰ ਦੇਖਿਆ ਜਾ ਸਕਦਾ ਹੈ ਜਿਸ ਨੂੰ ਬੇਂਗਲੁਰੂ ਦੇ ਮਾਗਦੀ ਰੋਡ 'ਤੇ ਜੀਟੀ ਵਰਲਡ ਮਾਲ 'ਚ ਸਿਰਫ਼ ਇਸ ਲਈ ਦਾਖਲ ਨਹੀਂ ਹੋਣ ਦਿੱਤਾ ਗਿਆ ਕਿਉਂਕਿ ਉਸ ਦਾ ਪਹਿਰਾਵਾ ਦੇਸੀ ਸੀ ਅਤੇ ਉਸ ਨੇ ਧੋਤੀ ਪਾਈ ਹੋਈ ਸੀ।ਕੈਪਸ਼ਨ 'ਚ ਅਦਾਕਾਰਾ ਨੇ ਲਿਖਿਆ, ''ਇਹ ਬਹੁਤ ਹੈਰਾਨ ਕਰਨ ਵਾਲਾ ਹੈ। ਕੀ ਪੱਛਮੀ ਕੱਪੜੇ ਵਧੇਰੇ ਸਤਿਕਾਰਤ ਅਤੇ ਮਹੱਤਵਪੂਰਨ ਹਨ? ਕੀ ਅਸੀਂ ਆਪਣੇ ਹੀ ਲੋਕਾਂ ਦਾ ਨਿਰਾਦਰ ਕਰਦੇ ਹਾਂ ਕਿਉਂਕਿ ਉਹ ਸਾਡੇ ਆਪਣੇ ਲੋਕਾਂ ਦੇ ਕੱਪੜੇ ਪਾਉਂਦੇ ਹਨ? ਬੇਂਗਲੁਰੂ ਮਿਉਂਸਪਲ ਕਾਰਪੋਰੇਸ਼ਨ ਨੇ 16 ਜੁਲਾਈ ਦੀ ਘਟਨਾ ਤੋਂ ਬਾਅਦ ਬਕਾਇਆ ਟੈਕਸ ਦਾ ਭੁਗਤਾਨ ਨਾ ਕਰਨ ਲਈ ਮਾਲ ਨੂੰ ਸੀਲ ਕਰ ਦਿੱਤਾ ਅਤੇ ਕਿਸਾਨ ਨੂੰ ਦੀ ਘਟਨਾ ਬਾਰੇ ਨੋਟਿਸ ਜਾਰੀ ਕਰਕੇ ਸਪੱਸ਼ਟੀਕਰਨ ਮੰਗਿਆ। ਜਦੋਂ ਫਕੀਰੱਪਾ ਆਪਣੇ ਬੇਟੇ ਨਾਗਰਾਜ ਅਤੇ ਪਤਨੀ ਮੱਲੰਮਾ ਨਾਲ ਕੰਨੜ ਫ਼ਿਲਮ ਦੇਖਣ ਲਈ ਮਾਲ ਗਏ ਤਾਂ ਉਨ੍ਹਾਂ ਦੇ ਪਹਿਰਾਵੇ ਕਾਰਨ ਉਨ੍ਹਾਂ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ। ਇਸ ਘਟਨਾ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੋਕਾਂ 'ਚ ਗੁੱਸਾ ਦੇਖਣ ਨੂੰ ਮਿਲਿਆ। ਇਸ ਮਾਮਲੇ 'ਚ ਮਾਲ ਪ੍ਰਬੰਧਨ ਅਤੇ ਸੁਰੱਖਿਆ ਗਾਰਡ ਨੇ ਮੁਆਫੀ ਮੰਗ ਲਈ ਹੈ।ਆਇਸ਼ਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2004 'ਚ ਐਕਸ਼ਨ ਥ੍ਰਿਲਰ ਫਿਲਮ 'ਟਾਰਜ਼ਨ: ਦਿ ਵੰਡਰ ਕਾਰ' ਨਾਲ ਕੀਤੀ ਸੀ।ਅਭਿਨੇਤਰੀ 'ਵਾਂਟੇਡ', 'ਦਿਲ ਮਾਂਗੇ ਮੋਰ!!!', 'ਸੋਚਾ ਨਾ ਥਾ', 'ਸ਼ਾਦੀ ਸੇ ਪਹਿਲੇ', 'ਸਲਾਮ-ਏ-ਇਸ਼ਕ', 'ਕੈਸ਼', 'ਦੇ ਤਾਲੀ' ਵਰਗੀਆਂ ਫਿਲਮਾਂ 'ਚ ਨਜ਼ਰ ਆ ਚੁੱਕੀ ਹੈ। ਮਾਡ' ਉਹ ਆ ਗਈ ਹੈ।ਉਸ ਦਾ ਵਿਆਹ ਸਮਾਜਵਾਦੀ ਪਾਰਟੀ ਦੇ ਨੇਤਾ ਅਬੂ ਆਜ਼ਮੀ ਦੇ ਬੇਟੇ ਫਰਹਾਨ ਆਜ਼ਮੀ ਨਾਲ ਹੋਇਆ ਹੈ। ਇਸ ਜੋੜੇ ਦਾ ਇੱਕ ਪੁੱਤਰ ਵੀ ਹੈ।

# ਚੀਨ ਦੇ ਹਮਲਾਵਰ ਰਵੱਈਏ ਦਾ ਅਮਰੀਕਾ ਤੇ ਜਾਪਾਨ ਦੇਣਗੇ ਮੂੰਹਤੋੜ ਜਵਾਬ



ਜਾਪਾਨ ਅਤੇ ਸੰਯੁਕਤ ਰਾਜ ਦੇ ਰੱਖਿਆ ਮੁਖੀ ਅਤੇ ਚੋਟੀ ਦੇ ਡਿਪਲੋਮੈਟ ਚੀਨ ਦੇ ਵਧਦੇ ਖ਼ਤਰੇ ਦੇ ਵਿਚਕਾਰ ਆਪਣੇ ਫ਼ੌਜੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਐਤਵਾਰ ਨੂੰ ਟੋਕੀਓ ਵਿਚ ਇਕੱਠੇ ਹੋਏ। ਗੱਲਬਾਤ ਦਾ ਉਦੇਸ਼ ਅਮਰੀਕੀ ਬਲਾਂ ਦੇ ਕਮਾਂਡ ਅਤੇ ਕੰਟਰੋਲ ਪ੍ਰਣਾਲੀ ਨੂੰ ਅਪਗ੍ਰੇਡ ਕਰਨਾ ਅਤੇ ਜਾਪਾਨ ਵਿਚ ਯੂਐੱਸ-ਲਾਇਸੈਂਸਸ਼ੁਦਾ ਮਿਜ਼ਾਈਲ ਉਤਪਾਦਨ ਨੂੰ ਮਜ਼ਬੂਤ ਕਰਨਾ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਰੱਖਿਆ ਸਕੱਤਰ ਲੋਇਡ ਆਸਟਿਨ ਨੇ ਆਪਣੇ ਜਾਪਾਨੀ ਹਮਰੁਤਬਾ ਯੋਕੋ ਕਾਮਿਕਾਵਾ ਅਤੇ ਮਿਨੋਰੂ ਕਿਹਾਰਾ ਨਾਲ "2+2" ਸੁਰੱਖਿਆ ਸੰਵਾਦ ਵਜੋਂ ਜਾਣੀ ਜਾਂਦੀ ਜਾਪਾਨ-ਯੂਐੱਸ ਸੁਰੱਖਿਆ ਸਲਾਹਕਾਰ ਕਮੇਟੀ ਵਿਚ ਹਿੱਸਾ ਲਿਆ। ਇਸ ਗੱਲਬਾਤ ਵਿਚ ਰਾਸ਼ਟਰਪਤੀ ਜੋਅ ਬਾਈਡੇਨ ਦੇ ਨਵੰਬਰ ਰਾਸ਼ਟਰਪਤੀ ਚੋਣ ਤੋਂ ਹਟਣ ਤੋਂ ਬਾਅਦ ਉਨ੍ਹਾਂ ਦੇ ਗੱਠਜੋੜ ਦੀ ਪੁਸ਼ਟੀ ਹੋਈ।ਕਾਮਿਕਾਵਾ ਨੇ ਕਿਹਾ, "ਅਸੀਂ ਇਤਿਹਾਸ ਦੇ ਇਕ ਨਾਜ਼ੁਕ ਮੋੜ 'ਤੇ ਹਾਂ, ਜਦੋਂ ਨਿਯਮ-ਅਧਾਰਿਤ, ਸੁਤੰਤਰ ਅਤੇ ਖੁੱਲ੍ਹੀ ਅੰਤਰਰਾਸ਼ਟਰੀ ਵਿਵਸਥਾ ਦੀਆਂ ਨੀਹਾਂ ਹਿੱਲ ਰਹੀਆਂ ਹਨ। ਸਾਡਾ ਅੱਜ ਦਾ ਫੈਸਲਾ ਸਾਡਾ ਭਵਿੱਖ ਤੈਅ ਕਰੇਗਾ।" ਆਸਟਿਨ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਕਿਹਾ ਕਿ ਚੀਨ "ਪੂਰਬੀ ਅਤੇ ਦੱਖਣੀ ਚੀਨ ਸਾਗਰਾਂ, ਤਾਈਵਾਨ ਵਿਚ ਅਤੇ ਪੂਰੇ ਖੇਤਰ ਵਿਚ ਸਥਿਤੀ ਨੂੰ ਬਦਲਣ ਲਈ ਦਬਾਅ ਬਣਾ ਰਿਹਾ ਹੈ।" ਉਨ੍ਹਾਂ ਕਿਹਾ ਕਿ ਉੱਤਰੀ ਕੋਰੀਆ ਦਾ ਪਰਮਾਣੂ ਪ੍ਰੋਗਰਾਮ ਅਤੇ ਰੂਸ ਨਾਲ ਇਸ ਦਾ ਡੂੰਘਾ ਸਹਿਯੋਗ ਖੇਤਰੀ ਅਤੇ ਵਿਸ਼ਵ ਸੁਰੱਖਿਆ ਨੂੰ ਖਤਰਾ ਹੈ। ਆਸਟਿਨ ਨੇ ਕਿਹਾ ਕਿ ਮੰਤਰੀ ਜਾਪਾਨ ਵਿਚ ਅਮਰੀਕੀ ਬਲਾਂ ਸਮੇਤ "ਅਮਰੀਕਾ ਅਤੇ ਜਾਪਾਨੀ ਕਮਾਂਡ ਅਤੇ ਨਿਯੰਤਰਣ ਢਾਂਚੇ ਦੇ ਆਧੁਨਿਕੀਕਰਨ ਦੇ ਇਤਿਹਾਸਕ ਯਤਨਾਂ" 'ਤੇ ਚਰਚਾ ਕਰਨਗੇ। ਇਹ ਯੂਐੱਸ ਕਮਾਂਡ ਅਤੇ ਨਿਯੰਤਰਣ ਪ੍ਰਣਾਲੀਆਂ ਨੂੰ ਅਪਗ੍ਰੇਡ ਕਰੇਗਾ, ਨਾਲ ਹੀ ਜਾਪਾਨ ਦੇ ਯੂਨੀਫਾਈਡ ਕਮਾਂਡ ਦੇ ਯਤਨਾਂ ਦਾ ਸਮਰਥਨ ਕਰੇਗਾ। ਆਸਟਿਨ ਨੇ ਕਿਹਾ ਕਿ ਇਹ ਸਾਡੇ ਗੱਠਜੋੜ ਦੇ ਇਤਿਹਾਸ ਵਿਚ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿੱਚੋਂ ਇਕ ਹੋਵੇਗਾ। ਜਾਪਾਨ ਵਿਚ 50,000 ਤੋਂ ਵੱਧ ਅਮਰੀਕੀ ਫ਼ੌਜੀ ਹਨ, ਪਰ ਕਮਾਂਡਰ ਕੋਲ ਯੋਕੋਟਾ ਸਥਿਤ ਅਮਰੀਕੀ ਫੌਜਾਂ ਲਈ ਕਮਾਂਡਿੰਗ ਅਥਾਰਟੀ ਨਹੀਂ ਹੈ। ਇਸ ਦੀ ਬਜਾਏ ਇਹ ਅਧਿਕਾਰ ਹਵਾਈ ਵਿਚ ਇੰਡੋ-ਪੈਸੀਫਿਕ ਕਮਾਂਡ ਦੇ ਕੋਲ ਹੈ। ਅਮਰੀਕੀ ਬਲਾਂ ਦੀ ਕਮਾਂਡ ਅਤੇ ਕੰਟਰੋਲ ਸਮਰੱਥਾ ਨੂੰ ਅਪਗ੍ਰੇਡ ਕਰਨ ਦੀ ਯੋਜਨਾ ਸੰਯੁਕਤ ਅਭਿਆਸਾਂ ਅਤੇ ਆਪਰੇਸ਼ਨਾਂ ਨੂੰ ਸੁਚਾਰੂ ਬਣਾਉਣ ਵਿਚ ਮਦਦ ਕਰੇਗੀ।


# ਵਿਰੋਧੀ ਧਿਰ ਦਾ ਨੇਤਾ ਬਣਨ ਦੀ ਦੌੜ ਸ਼ੁਰੂ, ਪ੍ਰੀਤੀ ਪਟੇਲ ਨੇ ਪੇਸ਼ ਕੀਤੀ ਦਾਅਵੇਦਾਰੀ



ਬ੍ਰਿਟੇਨ 'ਚ ਹਾਲ ਹੀ 'ਚ ਹੋਈਆਂ ਆਮ ਚੋਣਾਂ 'ਚ ਕੰਜ਼ਰਵੇਟਿਵ ਪਾਰਟੀ ਦੀ ਹਾਰ ਤੋਂ ਬਾਅਦ ਲੇਬਰ ਪਾਰਟੀ ਨੇ ਸਰਕਾਰ ਬਣਾ ਲਈ ਹੈ। ਇਸ ਨਾਲ ਹੁਣ ਕੰਜ਼ਰਵੇਟਿਵ ਪਾਰਟੀ ਲਈ ਹਾਊਸ ਆਫ ਕਾਮਨਜ਼ ਵਿੱਚ ਵਿਰੋਧੀ ਧਿਰ ਦਾ ਨੇਤਾ ਬਣਨ ਦੀ ਦੌੜ ਸ਼ੁਰੂ ਹੋ ਗਈ ਹੈ। ਹੁਣ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਵੀ ਇਸ ਦੌੜ ਵਿੱਚ ਉਮੀਦਵਾਰਾਂ ਵਿੱਚ ਸ਼ਾਮਲ ਹੋ ਗਈ ਹੈ। ਕੰਜ਼ਰਵੇਟਿਵ ਪਾਰਟੀ ਦੇ ਵਿਰੋਧੀ ਧਿਰ ਦੇ ਨਵੇਂ ਨੇਤਾ ਦੀ ਚੋਣ ਲਈ ਦੋ ਪੜਾਵਾਂ ਵਿੱਚ ਵੋਟਿੰਗ ਹੋਣੀ ਹੈ। ਵੋਟਿੰਗ ਦੇ ਨਤੀਜੇ 2 ਨਵੰਬਰ ਨੂੰ ਸਾਹਮਣੇ ਆਉਣਗੇ। ਉਦੋਂ ਤੱਕ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਇਸ ਅਹੁਦੇ 'ਤੇ ਬਣੇ ਰਹਿਣਗੇ। ਭਾਰਤੀ ਮੂਲ ਦੀ ਨੇਤਾ ਪ੍ਰੀਤੀ ਪਟੇਲ ਦੌੜ ਵਿੱਚ ਸ਼ਾਮਲ ਹੋਣ ਵਾਲੀ ਪਹਿਲੀ ਮਹਿਲਾ ਉਮੀਦਵਾਰ ਹੈ। ਆਪਣੀ ਉਮੀਦਵਾਰੀ ਦਾ ਐਲਾਨ ਕਰਦੇ ਹੋਏ, ਪਟੇਲ ਨੇ ਪਾਰਟੀ ਨੂੰ ਇਕਜੁੱਟ ਕਰਨ ਅਤੇ ਕੰਜ਼ਰਵੇਟਿਵ ਪਾਰਟੀ ਨੂੰ ਆਪਣੀ ਅਗਵਾਈ ਹੇਠ ਇਕ ਵਾਰ ਫਿਰ ਤੋਂ ਚੋਣ ਜਿੱਤਣ ਵਾਲੀ ਮਸ਼ੀਨ ਵਿਚ ਬਦਲਣ ਦਾ ਵਾਅਦਾ ਕੀਤਾ।ਬ੍ਰਿਟਿਸ਼-ਭਾਰਤੀ ਨੇਤਾ ਸੁਨਕ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਇਤਿਹਾਸਕ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਸੁਨਕ ਅਤੇ ਪਟੇਲ ਤੋਂ ਇਲਾਵਾ ਸਾਬਕਾ ਮੰਤਰੀ ਜੇਮਸ ਕਲੇਵਰਲੇ, ਟੌਮ ਟੂਗੇਨਹਾਟ, ਮੇਲ ਸਟ੍ਰਾਈਡ ਅਤੇ ਰਾਬਰਟ ਜੇਨਰਿਕ ਦੇ ਵੀ ਵਿਰੋਧੀ ਧਿਰ ਦੇ ਨੇਤਾ ਦੀ ਦੌੜ ਵਿਚ ਸ਼ਾਮਲ ਹੋਣ ਦੀ ਉਮੀਦ ਹੈ। ਸੋਮਵਾਰ ਯਾਨੀ ਅੱਜ ਨਾਮਜ਼ਦਗੀ ਦਾ ਆਖਰੀ ਦਿਨ ਹੈ। ਕੰਜ਼ਰਵੇਟਿਵ ਪਾਰਟੀ ਦੀ ਹਾਰ 'ਤੇ ਪਟੇਲ ਨੇ ਕਿਹਾ, "ਇਹ ਸਾਡੇ ਬਹਾਦਰ ਮੈਂਬਰ ਨਹੀਂ ਹਨ ਜੋ ਅਸਫਲ ਹੋਏ ਹਨ, ਪਰ ਸਾਡੇ ਨੇਤਾ ਅਸਫਲ ਹੋਏ ਹਨ।" ਉਨ੍ਹਾਂ ਕਿਹਾ, "ਹੁਣ ਸਾਨੂੰ ਆਪਣੇ ਦੇਸ਼ ਦੇ ਲੋਕਾਂ ਲਈ ਸਕਾਰਾਤਮਕ ਬਦਲਾਅ ਲਿਆਉਣ ਲਈ ਆਪਣੀਆਂ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਨੀਤੀਆਂ ਵਿੱਚ ਤਬਦੀਲ ਕਰਨਾ ਹੋਵੇਗਾ। ਹੁਣ ਸਮਾਂ ਹੈ ਕਿ ਨਿੱਜੀ ਬਦਲਾਖੋਰੀ ਤੋਂ ਪਹਿਲਾਂ ਏਕਤਾ, ਪਾਰਟੀ ਤੋਂ ਪਹਿਲਾਂ ਦੇਸ਼ ਅਤੇ ਸਵਾਰਥ ਤੋਂ ਪਹਿਲਾਂ ਸਮਰਪਣ ਦਾ ਸਮਾਂ ਹੈ।"

# ਜ਼ਮੀਨ ਦੇ ਟੁਕੜੇ ਨੂੰ ਲੈ ਕੇ ਦੋ ਗੁੱਟਾਂ ਵਿਚਾਲੇ ਖ਼ੂਨੀ ਝੜਪ

ਪਾਕਿਸਤਾਨ ਦੇ ਖੈਬਰ ਪਖਤੂਨਖਵਾ ਦੇ ਕੁਰੱਮ ਜ਼ਿਲ੍ਹੇ 'ਚ ਜ਼ਮੀਨ ਦੇ ਇਕ ਟੁਕੜੇ ਨੂੰ ਲੈ ਕੇ ਦੋ ਕਬਾਇਲੀ ਸਮੂਹਾਂ ਵਿਚਾਲੇ ਹੋਏ ਹਥਿਆਰਬੰਦ ਸੰਘਰਸ਼ 'ਚ ਘੱਟੋ-ਘੱਟ 36 ਲੋਕ ਮਾਰੇ ਗਏ ਅਤੇ 162 ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਅੱਪਰ ਕੁਰਮ ਜ਼ਿਲ੍ਹੇ ਦੇ ਬੋਸ਼ੇਰਾ ਪਿੰਡ ਵਿਚ ਪੰਜ ਦਿਨ ਪਹਿਲਾਂ ਭਿਆਨਕ ਝੜਪਾਂ ਸ਼ੁਰੂ ਹੋ ਗਈਆਂ ਸਨ। ਪਿੰਡ ਨੇ ਪਹਿਲਾਂ ਕਬੀਲਿਆਂ ਅਤੇ ਧਾਰਮਿਕ ਸਮੂਹਾਂ ਵਿਚਕਾਰ ਮਾਰੂ ਝੜਪਾਂ ਦੇ ਨਾਲ-ਨਾਲ ਫਿਰਕੂ ਝੜਪਾਂ ਅਤੇ ਅੱਤਵਾਦੀ ਹਮਲੇ ਦੇਖੇ ਹਨ। ਪੁਲਸ ਨੇ ਦੱਸਿਆ ਕਿ ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਖੈਬਰ ਪਖਤੂਨਖਵਾ ਦੇ ਕੁਰੱਮ ਜ਼ਿਲ੍ਹੇ 'ਚ ਪਿਛਲੇ ਪੰਜ ਦਿਨਾਂ 'ਚ ਕਬਾਇਲੀ ਝੜਪਾਂ 'ਚ 36 ਲੋਕ ਮਾਰੇ ਗਏ ਅਤੇ 162 ਹੋਰ ਜ਼ਖਮੀ ਹੋ ਗਏ ਹਨ।



# ਮਲਾਇਕਾ- ਅਰਜੁਨ ਦੇ ਬ੍ਰੇਕਅੱਪ ਤੋਂ ਬਾਅਦ ਇਸ ਕਪਲ ਦੇ ਵੀ ਰਾਹ ਹੋਏ ਅਲੱਗ



ਬਾਲੀਵੁੱਡ ਤੋਂ ਬ੍ਰੇਕਅੱਪ ਦੀ ਇੱਕ ਹੋਰ ਖਬਰ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਮਸ਼ਹੂਰ ਜੋੜੀ ਤਮੰਨਾ ਭਾਟੀਆ ਅਤੇ ਵਿਜੇ ਵਰਮਾ ਦੇ ਬ੍ਰੇਕਅੱਪ ਦੀਆਂ ਖਬਰਾਂ ਹਨ। ਇਹ ਸੁਣ ਕੇ ਦੋਵਾਂ ਦੇ ਪ੍ਰਸ਼ੰਸਕ ਕਾਫੀ ਹੈਰਾਨ ਹਨ। ਦੋਵਾਂ ਦੇ ਵੱਖ ਹੋਣ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ ਅਤੇ ਯੂਜ਼ਰਸ ਬ੍ਰੇਕਅੱਪ ਦਾ ਸਬੂਤ ਵੀ ਦੇ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਅਰਜੁਨ ਕਪੂਰ ਅਤੇ ਮਲਾਇਕਾ ਅਰੋੜਾ ਦਾ ਰਾਹ ਅਪਣਾਇਆ ਹੈ।ਕੁਝ ਸਮਾਂ ਪਹਿਲਾਂ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦਾ ਸ਼ਾਨਦਾਰ ਵਿਆਹ ਹੋਇਆ ਹੈ। ਇਸ ਵਿਆਹ 'ਚ ਪੂਰੇ ਬਾਲੀਵੁੱਡ ਨੇ ਸ਼ਿਰਕਤ ਕੀਤੀ। ਤਮੰਨਾ ਭਾਟੀਆ ਅਤੇ ਵਿਜੇ ਵਰਮਾ, ਜਿਨ੍ਹਾਂ ਨੂੰ ਪਾਵਰ ਕਪਲ ਕਿਹਾ ਜਾਂਦਾ ਹੈ, ਵੀ ਇਸ ਵਿੱਚ ਮੌਜੂਦ ਸਨ। ਦੋਵੇਂ ਵੱਡੇ ਈਵੈਂਟਸ 'ਚ ਪਾਰਟੀਆਂ 'ਚ ਇਕੱਠੇ ਨਜ਼ਰ ਆਉਂਦੇ ਹਨ। ਪਰ ਦੋਵੇਂ ਅੰਬਾਨੀ ਦੇ ਵਿਆਹ 'ਚ ਵੱਖਰੇ ਤੌਰ 'ਤੇ ਪਹੁੰਚੇ ਸਨ। ਇਸ ਜੋੜੇ ਦਾ ਇਸ ਤਰ੍ਹਾਂ ਵੱਖ ਹੋਣਾ ਪ੍ਰਸ਼ੰਸਕਾਂ ਨੂੰ ਪਸੰਦ ਨਹੀਂ ਆਇਆ ਅਤੇ ਉਨ੍ਹਾਂ ਦੇ ਬ੍ਰੇਕਅੱਪ ਦੀਆਂ ਖਬਰਾਂ ਨੇ ਜ਼ੋਰ ਫੜ ਲਿਆ। ਤਮੰਨਾ ਭਾਟੀਆ ਅਤੇ ਵਿਜੇ ਵਰਮਾ ਲੰਬੇ ਸਮੇਂ ਤੋਂ ਇਕੱਠੇ ਨਜ਼ਰ ਨਹੀਂ ਆ ਰਹੇ ਹਨ। ਖਬਰ ਤਾਂ ਇਹ ਵੀ ਹੈ ਕਿ ਦੋਵੇਂ ਕਾਫੀ ਬਿਜ਼ੀ ਸ਼ੈਡਿਊਲ 'ਚ ਚੱਲ ਰਹੇ ਹਨ ਪਰ ਹੁਣ ਉਨ੍ਹਾਂ ਦੇ ਬ੍ਰੇਕਅੱਪ ਦੀਆਂ ਖਬਰਾਂ ਤੇਜ਼ੀ ਨਾਲ ਫੈਲ ਰਹੀਆਂ ਹਨ। ਇਸ ਖਬਰ ਤੋਂ ਬਾਅਦ ਪ੍ਰਸ਼ੰਸਕ ਵੀ ਕਾਫੀ ਪਰੇਸ਼ਾਨ ਹੋ ਰਹੇ ਹਨ। ਅਜਿਹਾ ਇਸ ਲਈ ਵੀ ਹੈ ਕਿਉਂਕਿ ਇਨ੍ਹੀਂ ਦਿਨੀਂ ਬਾਲੀਵੁੱਡ 'ਚ ਬ੍ਰੇਕਅੱਪ ਦੀਆਂ ਜ਼ਿਆਦਾ ਖਬਰਾਂ ਆ ਰਹੀਆਂ ਹਨ।

# ਹਿਮਾਚਲ ਪ੍ਰਦੇਸ਼ ਦੇ ਸਭ ਤੋਂ ਮਸ਼ਹੂਰ ਮੰਦਰ



ਨਰਬਦੇਸ਼ਵਰ ਮੰਦਰ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਜ਼ਿਲੇ ਵਿੱਚ, ਕਟੋਚ ਰਾਜਵੰਸ਼ ਦੇ ਇੱਕ ਸ਼ਾਸਕ ਸੰਸਾਰ ਚੰਦ ਦੀ ਪਤਨੀ ਦੁਆਰਾ ਬਣਾਇਆ ਗਿਆ ਸੀ। ਆਰਕੀਟੈਕਚਰ ਦਾ ਇੱਕ ਸਤਿਕਾਰਤ ਟੁਕੜਾ, ਮੰਦਰ ਤੀਰਾ ਸੁਜਾਨਪੁਰ ਆਉਣ ਵਾਲੇ ਸੈਲਾਨੀਆਂ ਲਈ ਇੱਕ ਪ੍ਰਮੁੱਖ ਆਕਰਸ਼ਣ ਹੈ ਜੋ ਕਿ ਬਿਆਸ ਦਰਿਆ ਦੇ ਕੰਢੇ 'ਤੇ ਸਥਿਤ ਇੱਕ ਸੁੰਦਰ ਸ਼ਹਿਰ ਹੈ। ਇਹ ਪੁਰਾਤਨ ਅਸਥਾਨ ਭਗਵਾਨ ਸ਼ਿਵ ਦਾ ਪੂਜਾ ਸਥਾਨ ਹੈ। ਛੋਟੇ ਚਿੱਤਰ ਜੋ ਅੰਦਰੂਨੀ ਨੂੰ ਸ਼ਿੰਗਾਰਦੇ ਹਨ ਕਾਂਗੜਾ ਸ਼ੈਲੀ ਵਿੱਚ ਬਣਾਏ ਗਏ ਹਨ ਜਿਸ ਨੂੰ ਆਮ ਤੌਰ 'ਤੇ ਪਹਾੜੀ ਸ਼ੈਲੀ ਕਿਹਾ ਜਾਂਦਾ ਹੈ। ਮੰਦਿਰ ਦੇ ਅਹਾਤੇ ਤੋਂ ਬਿਆਸ ਦਰਿਆ ਦੇ ਮਨਮੋਹਕ ਦ੍ਰਿਸ਼ ਦੇਖ ਸਕਦੇ ਹੋ। ਸ਼ਿਵ ਦੇ ਦੇਵਤੇ ਦੀ ਸਿਰਫ਼ ਇੱਕ ਹੀ ਮੂਰਤੀ ਹੈ ਜਿਸ ਦੀ ਹਿੰਦੂ ਸ਼ਰਧਾਲੂ ਪੂਜਾ ਕਰਦੇ ਹਨ। ਨਰਬਦੇਸ਼ਵਰ ਮੰਦਰ ਆਰਕੀਟੈਕਚਰ ਦਾ ਇੱਕ ਦੁਰਲੱਭ ਹਿੱਸਾ ਹੈ; ਇਸਦੀ ਸੁਰੱਖਿਆ ਏ.ਐਸ.ਆਈ. ਭਾਵ ਭਾਰਤੀ ਪੁਰਾਤੱਤਵ ਸਰਵੇਖਣ ਦੁਆਰਾ ਕੀਤੀ ਜਾ ਰਹੀ ਹੈ। ਏਐਸਆਈ ਦੁਆਰਾ ਮੰਦਰ ਦੀ ਕਲਾ ਦਾ ਹਿੱਸਾ ਬਣਨ ਵਾਲੀਆਂ ਕੁਝ ਪੇਂਟਿੰਗਾਂ ਦੀ ਮੁਰੰਮਤ ਅਤੇ ਬਹਾਲ ਕਰਨ ਦੇ ਯਤਨ ਕੀਤੇ ਗਏ ਹਨ। ਇਹ ਸ਼ਿਵ-ਪਾਰਵਤੀ ਮੰਦਰ ਲਗਭਗ 8 ਫੁੱਟ ਦੀ ਕੰਧ ਦੁਆਰਾ ਸੁਰੱਖਿਅਤ ਹੈ। ਮੰਦਿਰ ਦੇ ਸਾਰੇ ਪਾਸੇ ਕੰਧ-ਚਿੱਤਰ ਪੇਂਟ ਕੀਤੇ ਗਏ ਹਨ, ਜਿਸ ਵਿਚ ਇਸ ਦੀਆਂ ਤੀਰਾਂ, ਪਹਾੜੀਆਂ ਅਤੇ ਨੀਚ ਸ਼ਾਮਲ ਹਨ। 1905 ਵਿੱਚ, ਇੱਕ ਵਿਨਾਸ਼ਕਾਰੀ ਭੂਚਾਲ ਨੇ ਪੂਰੇ ਕਾਂਗੜਾ ਖੇਤਰ ਨੂੰ ਤਬਾਹ ਕਰ ਦਿੱਤਾ, ਪਰ ਨਰਬਦੇਸ਼ਵਰ ਮੰਦਰ ਭਿਆਨਕ ਝਟਕੇ ਤੋਂ ਬਚ ਗਿਆ। ਸੁਜਾਨਪੁਰ ਤਿਹਾੜਾ ਵਿੱਚ ਹਾਲ ਹੀ ਵਿੱਚ ਇੱਕ ਰਿਹਾਇਸ਼ੀ ਗਤੀਵਿਧੀ ਦੇ ਕਾਰਨ, ਮੰਦਰ ਦੀਆਂ ਦੁਰਲੱਭ ਪੇਂਟਿੰਗਾਂ ਨੂੰ ਹੋਰ ਕਬਜ਼ੇ ਨੂੰ ਰੋਕਣ ਲਈ ਲਗਾਤਾਰ ਖਤਰਾ ਹੈ; ਏਐਸਆਈ ਸਮਾਰਕ ਦੀ ਸਾਂਭ ਸੰਭਾਲ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।



ਸ਼ਿਰਗੁਲ ਮੰਦਿਰ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿੱਚ ਚੂਰਧਰ ਦੀ ਚੋਟੀ 'ਤੇ ਸਥਿਤ ਹੈ। ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਮੰਦਿਰ ਨੂੰ ਸ਼ਿਰਗੁਲ ਖੇਤਰ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੋਣ ਦਾ ਵਿਲੱਖਣ ਵਿਸ਼ੇਸ਼ਤਾ ਹੈ। ਇਹ ਇਕਾਂਤ ਢਾਂਚਾ ਵਰਗ ਆਕਾਰ ਵਿਚ ਬਣਾਇਆ ਗਿਆ ਹੈ ਅਤੇ ਇਕ ਮੰਜ਼ਿਲਾ ਹੈ। ਮੰਦਿਰ ਦਾ ਇਲਾਕਾ ਚਾਰੋਂ ਪਾਸਿਆਂ ਤੋਂ ਸਲੇਟੀ ਇੱਟ ਦੀਆਂ ਕੰਧਾਂ ਨਾਲ ਘਿਰਿਆ ਹੋਇਆ ਹੈ ਅਤੇ ਵੱਡੇ-ਵੱਡੇ ਕਾਲਮਾਂ ਦੁਆਰਾ ਸਮਰਥਿਤ ਹੈ। ਸ਼ਿਰਗੁਲ ਮੰਦਰ ਦੀ ਉਚਾਈ ਨੌਂ ਫੁੱਟ ਤੱਕ ਹੈ। ਢਾਂਚੇ ਦੀ ਛੱਤ ਗੈਬਲ ਕੀਤੀ ਗਈ ਹੈ; ਸਭ ਤੋਂ ਉੱਪਰ ਦੀ ਸ਼ਤੀਰ ਪਿੱਤਲ ਦੇ ਭਾਂਡਿਆਂ ਨਾਲ ਸ਼ਿੰਗਾਰੀ ਹੋਈ ਹੈ। ਮੰਦਰ ਦਾ ਪ੍ਰਵੇਸ਼ ਦੁਆਰ ਸਾਦਾ ਹੈ ਅਤੇ ਮੂਰਤੀਆਂ ਨਾਲ ਉੱਕਰਿਆ ਹੋਇਆ ਹੈ। ਮੰਦਿਰ ਵਿੱਚ ਸਿਰਫ਼ ਇੱਕ ਹੀ ਪ੍ਰਵੇਸ਼ ਦੁਆਰ ਹੈ। ਇਕ ਹੋਰ ਗੁੰਬਦ ਦੇ ਆਕਾਰ ਦਾ ਮੰਦਰ ਹੈ ਜੋ ਮੰਦਰ ਦੇ ਅੰਦਰ ਮੌਜੂਦ ਹੈ। ਇਹ ਛੋਟਾ ਮੰਦਰ ਸ਼ਰਧਾਲੂਆਂ ਲਈ ਕਾਫ਼ੀ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਭਗਵਾਨ ਸ਼ਿਵ ਦਾ ਇੱਕ ਵਿਸ਼ਾਲ ਲਿੰਗ ਹੈ। ਲਿੰਗਮ ਦੀ ਉਚਾਈ ਛੇ ਇੰਚ ਹੈ ਅਤੇ ਚਾਰ ਇੰਚ ਚੌੜੀ ਹੈ। ਫਲਸ ਨੂੰ ਪਾਣੀ ਅਤੇ ਸਜਾਵਟੀ ਵਸਤੂਆਂ ਦੇ ਨਾਲ ਇੱਕ ਭਾਂਡੇ ਦੇ ਅੰਦਰ ਰੱਖਿਆ ਜਾਂਦਾ ਹੈ। ਲਿੰਗਮ ਪੱਥਰ ਦੀ ਉੱਕਰੀ ਹੋਈ ਹੈ। ਇਹ ਭਾਂਡਾ ਵੀ ਉੱਕਰੀਆਂ ਪੱਥਰਾਂ ਦਾ ਬਣਿਆ ਹੋਇਆ ਹੈ। ਸ਼ਿਰਗੁਲ ਮੰਦਿਰ ਪੁਰਾਤਨਤਾ ਦਾ ਇੱਕ ਆਰਕੀਟੈਕਚਰਲ ਟੁਕੜਾ ਹੈ।

ਮਨਾਲੀ ਦੇ ਸ਼ਾਨਦਾਰ ਕਸਬੇ ਤੋਂ ਲਗਭਗ 40 ਕਿਲੋਮੀਟਰ ਦੀ ਦੂਰੀ 'ਤੇ ਬਿਆਸ ਦਰਿਆ ਦੇ ਨੇੜੇ, ਸੁੰਦਰ ਕੁੱਲੂ ਘਾਟੀ ਸਥਿਤ ਹੈ। ਸੁੰਦਰ ਦ੍ਰਿਸ਼ਾਂ ਅਤੇ ਸ਼ਾਨਦਾਰ ਲੈਂਡਸਕੇਪਾਂ ਨਾਲ ਤੋਹਫ਼ੇ ਵਾਲੀ, ਇਹ ਘਾਟੀ ਇੱਕ ਬਰਾਬਰ ਦੀ ਸੁੰਦਰ ਬਣਤਰ ਦਾ ਘਰ ਹੈ ਜੋ ਬਿਜਲੀ ਮਹਾਦੇਵ ਮੰਦਰ ਦੇ ਨਾਮ ਨਾਲ ਜਾਂਦੀ ਹੈ। ਇਹ ਸ਼ਾਨਦਾਰ ਮੰਦਰ ਭਗਵਾਨ ਸ਼ਿਵ ਦਾ ਪੂਜਾ ਸਥਾਨ ਹੈ। ਇਹ ਸ਼ਾਨਦਾਰ ਮੰਦਿਰ ਮਥਾਨ ਵਿੱਚ ਸਥਿਤ ਹੈ ਅਤੇ ਚਾਰੇ ਪਾਸਿਆਂ ਤੋਂ ਇੱਕ ਸ਼ਾਨਦਾਰ ਘਾਟੀ ਨਾਲ ਘਿਰਿਆ ਹੋਇਆ ਹੈ। ਇੱਕ ਛੋਟਾ ਜਿਹਾ ਪਿੰਡ ਜਿਸਦਾ ਨਾਮ ਮੰਦਰ ਨਾਲ ਸਾਂਝਾ ਹੈ ਘਾਟੀ ਦੇ ਪੈਰਾਂ 'ਤੇ ਮੌਜੂਦ ਹੈ। ਕਿਉਂਕਿ ਇਹ ਮੰਦਰ ਜ਼ਮੀਨ ਤੋਂ 2483 ਮੀਟਰ ਦੀ ਉੱਚਾਈ 'ਤੇ ਸਥਿਤ ਹੈ, ਇਸ ਲਈ ਇਸ ਤੱਕ ਪਹੁੰਚਣਾ ਕੋਈ ਆਸਾਨ ਕੰਮ ਨਹੀਂ ਹੈ।






ਬਾਲਾ ਸੁੰਦਰੀ ਮੰਦਿਰ ਸਿਰਮੌਰ ਜ਼ਿਲ੍ਹੇ ਦੇ ਨਾਹਨ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਦੀਪ ਪ੍ਰਕਾਸ਼ ਦੁਆਰਾ ਬਣਾਇਆ ਗਿਆ, ਤ੍ਰਿਲੋਕਪੁਰ ਵਿਖੇ ਇਹ ਮੰਦਰ ਮੱਧਕਾਲੀ ਭਾਰਤ ਦਾ ਇੱਕ ਮਹੱਤਵਪੂਰਨ ਤੀਰਥ ਸਥਾਨ ਹੈ। ਇਹ ਸਥਾਨ ਬਹੁਤ ਧਾਰਮਿਕ ਮਹੱਤਵ ਵਾਲਾ ਹੈ ਅਤੇ ਹਜ਼ਾਰਾਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ, ਖਾਸ ਕਰਕੇ ਉੱਤਰੀ ਭਾਰਤ ਦੇ ਰਾਜਾਂ ਤੋਂ। ਇਹ ਮੰਦਰ ਹਿੰਦੂਆਂ ਲਈ ਇਕ ਹੋਰ ਪਵਿੱਤਰ ਸਥਾਨ ਧਰਮਸ਼ਾਲਾ ਦੇ ਨੇੜੇ ਸਥਿਤ ਹੈ। ਹਰ ਸਾਲ, ਅਣਗਿਣਤ ਸ਼ਰਧਾਲੂ ਬਾਲਾ ਸੁੰਦਰੀ ਮੰਦਰ ਜਾਂਦੇ ਹਨ ਅਤੇ ਦੇਵੀ ਮਹਾਮਾਇਆ ਸੁੰਦਰੀ ਨੂੰ ਪ੍ਰਾਰਥਨਾ ਕਰਦੇ ਹਨ। ਮੰਦਿਰ ਪਰਿਸਰ ਖਾਸ ਕਰਕੇ ਨਵਰਾਤਰੀ ਤਿਉਹਾਰ ਦੌਰਾਨ ਭੀੜ ਭਰਿਆ ਰਹਿੰਦਾ ਹੈ. ਇਸ ਸਮੇਂ ਸ਼ਰਧਾਲੂਆਂ ਲਈ ਵਿਸ਼ੇਸ਼ ਮੇਲਾ ਲਗਾਇਆ ਜਾਂਦਾ ਹੈ ਜੋ ਪੂਰੇ ਜੋਸ਼ ਅਤੇ ਧੂਮਧਾਮ ਨਾਲ ਪਵਿੱਤਰ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹਨ। ਮੇਲਾ ਅਕਤੂਬਰ ਅਤੇ ਅਪ੍ਰੈਲ ਦੇ ਮਹੀਨਿਆਂ ਵਿੱਚ ਆਯੋਜਿਤ ਕੀਤਾ ਜਾਂਦਾ ਹੈ ਜਦੋਂ ਸਾਰਾ ਮਾਹੌਲ ਨਵਰਾਤਰੀ ਦੇ ਗੀਤਾਂ ਦੇ ਪਵਿੱਤਰ ਜਾਦੂ ਨਾਲ ਗੂੰਜਦਾ ਹੈ। ਮੰਦਰ ਦੇ ਆਸ-ਪਾਸ ਹੋਰ ਵੀ ਮੰਦਰ ਹਨ। ਤ੍ਰਿਲੋਕਪੁਰ ਵਿੱਚ ਸਟਾਲੈਕਟਾਈਟਸ ਅਤੇ ਸਟੈਲਾਗਮਾਈਟਸ ਦਾ ਇੱਕ ਗੁਫਾ ਮੰਦਰ ਮੌਜੂਦ ਹੈ। ਇਹ ਸ਼ਿਵ ਮੰਦਰ ਸ਼ਰਧਾਲੂਆਂ ਦੇ ਦਰਸ਼ਨ ਕਰਨ ਯੋਗ ਹੈ। ਸਥਾਨਾਂ ਦੇ ਕਈ ਖੰਡਰ ਅਤੇ ਆਰਕੀਟੈਕਚਰ ਦੇ ਹੋਰ ਟੁਕੜੇ ਸ਼ਲਾਘਾਯੋਗ ਹਨ। ਉਸ ਸਮੇਂ ਦੇ ਗਵਰਨਰ ਲਹਿਣਾ ਸਿੰਘ ਨਾਲ ਸਬੰਧਤ ਇੱਕ ਦਰਸ਼ਕ ਹਾਲ ਵੀ ਮੰਦਰ ਦੇ ਨੇੜੇ ਮੌਜੂਦ ਹੈ।



ਬੇਹਨਾ ਮਹਾਦੇਵ ਮੰਦਿਰ ਹਿਮਾਚਲ ਪ੍ਰਦੇਸ਼ ਦੀ ਸਤਲੁਜ ਘਾਟੀ ਵਿੱਚ ਸਥਿਤ ਹੈ। ਇਹ ਪ੍ਰਸਿੱਧ ਹਿੰਦੂ ਦੇਵਤਿਆਂ ਜਿਵੇਂ ਭਗਵਾਨ ਵਿਸ਼ਨੂੰ ਅਤੇ ਉਸਦੀ ਪਤਨੀ ਲਕਸ਼ਮੀ ਨੂੰ ਸਮਰਪਿਤ ਹੈ ਜੋ ਪੁਰਾਣੇ ਸਮੇਂ ਤੋਂ ਸਤਿਕਾਰੇ ਜਾਂਦੇ ਹਨ। ਮੰਦਰ ਗੈਬਲਡ ਆਕਾਰ ਦਾ ਹੈ ਜਿਸਦਾ ਮਤਲਬ ਹੈ ਕਿ ਇਮਾਰਤ ਦੇ ਸਿਰੇ ਨੂੰ ਤਿਕੋਣੀ-ਆਕਾਰ ਦੀ ਬਣਤਰ ਨਾਲ ਸ਼ਿੰਗਾਰਿਆ ਗਿਆ ਹੈ। ਅਸਲ ਵਿੱਚ ਇਹ ਸਤਲੁਜ ਘਾਟੀ ਦੇ ਸਭ ਤੋਂ ਵੱਡੇ ਮੰਦਰਾਂ ਵਿੱਚੋਂ ਇੱਕ ਹੈ। ਬੇਹਨਾ ਮਹਾਦੇਵ ਮੰਦਿਰ ਦਾ ਮੁੱਖ ਆਕਰਸ਼ਣ ਸ਼ਿਵ ਦਾ ਇੱਕ ਸ਼ਾਨਦਾਰ ਮੁਖੌਟਾ ਹੈ ਜੋ ਪਿੱਤਲ ਦਾ ਬਣਿਆ ਹੋਇਆ ਹੈ। ਇਹ ਸਜਾਵਟੀ ਟੁਕੜਾ ਬਾਰ੍ਹਵੀਂ ਜਾਂ ਤੇਰ੍ਹਵੀਂ ਸਦੀ ਦਾ ਹੈ। ਮੰਦਰ ਪਰਿਸਰ ਭਗਵਾਨ ਵਿਸ਼ਨੂੰ ਅਤੇ ਉਨ੍ਹਾਂ ਦੀ ਪਤਨੀ ਲਕਸ਼ਮੀ ਦੀਆਂ ਸੁੰਦਰ ਮੂਰਤੀਆਂ ਨਾਲ ਸਜਿਆ ਹੋਇਆ ਹੈ। ਇੱਥੇ ਇੱਕ ਗਲਿਆਰਾ ਹੈ ਜੋ ਮੰਦਰ ਨੂੰ ਘੇਰਦਾ ਹੈ ਅਤੇ ਚਾਰੇ ਪਾਸਿਓਂ ਖੁੱਲ੍ਹਦਾ ਹੈ। ਸ਼ਰਧਾਲੂਆਂ ਦੀ ਸਹੂਲਤ ਲਈ ਕੋਨਿਆਂ 'ਤੇ ਆਰਾਮਦਾਇਕ ਝੁਕਣ ਵਾਲੀਆਂ ਸੀਟਾਂ ਰੱਖੀਆਂ ਗਈਆਂ ਹਨ। ਇੱਥੇ ਦੋ ਬਾਲਕੋਨੀਆਂ ਹਨ ਜੋ ਇੱਕ ਦੂਜੇ ਨੂੰ ਕੱਟਦੀਆਂ ਹਨ। ਇਹ ਬਾਲਕੋਨੀਆਂ ਬਹੁਤ ਜ਼ਿਆਦਾ ਅੰਤਮ ਅਤੇ ਕੋਨਿਕਲ ਛੱਤਾਂ ਨਾਲ ਸਜਾਈਆਂ ਗਈਆਂ ਹਨ। ਬਾਲਕੋਨੀਆਂ ਵਿੱਚ ਕਾਲਮ ਅਤੇ ਸੁੰਦਰ ਨੱਕਾਸ਼ੀ ਹਨ। ਖਿੜਕੀਆਂ ਨੂੰ ਜਾਨਵਰਾਂ ਦੇ ਫ੍ਰੀਜ਼ ਅਤੇ ਫੁੱਲਦਾਰ ਡਿਜ਼ਾਈਨ ਨਾਲ ਸਜਾਇਆ ਗਿਆ ਹੈ। ਬੇਹਨਾ ਮਹਾਦੇਵ ਮੰਦਿਰ ਇੱਕ ਸੱਚਾ ਮਾਸਟਰਪੀਸ ਹੈ ਜੋ ਕਲਾ ਅਤੇ ਆਰਕੀਟੈਕਚਰ ਦਾ ਇੱਕ ਸ਼ਾਨਦਾਰ ਨਮੂਨਾ ਹੈ।

ਭੂਤਨਾਥ ਮੰਦਰ ਇਸ ਉੱਤਰੀ ਭਾਰਤੀ ਰਾਜ ਦੇ ਮੰਡੀ ਜ਼ਿਲ੍ਹੇ ਵਿੱਚ ਸਥਿਤ ਹੈ। ਮੱਧਕਾਲੀ ਭਾਰਤ ਦਾ ਇਹ ਮੰਦਰ ਇੱਕ ਮਸ਼ਹੂਰ ਹਿੰਦੂ ਦੇਵਤਾ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਵਿਸ਼ੇਸ਼ ਤੌਰ 'ਤੇ ਸ਼ਿਖਰ ਸ਼ੈਲੀ ਵਿੱਚ ਬਣਾਇਆ ਗਿਆ ਜੋ ਕਿ ਦੱਖਣੀ ਭਾਰਤੀ ਮੰਦਰ ਆਰਕੀਟੈਕਚਰ ਦੇ ਸਮਾਨ ਹੈ, ਮੰਦਰ ਦਾ ਨਿਰਮਾਣ 16ਵੀਂ ਸਦੀ ਦਾ ਹੈ। ਭਗਵਾਨ ਸ਼ਿਵ ਦੀ ਮਨਮੋਹਕ ਮੂਰਤ ਤੋਂ ਇਲਾਵਾ, ਉਨ੍ਹਾਂ ਦੇ ਵਾਹਕ ਨੰਦੀ ਬਲਦ ਦੀ ਸੁੰਦਰ ਮੂਰਤ ਹੈ ਜੋ ਮੰਦਰ ਦੇ ਪ੍ਰਵੇਸ਼ ਦੁਆਰ ਦੇ ਸਾਹਮਣੇ ਬਣੀ ਹੋਈ ਹੈ। ਇਮਾਰਤ ਨੂੰ ਡਬਲ ਆਰਚਾਂ ਨਾਲ ਸਜਾਇਆ ਗਿਆ ਹੈ। ਆਰਕੀਟੈਕਚਰ ਦੇ ਹੋਰ ਟੁਕੜੇ ਜੋ ਪ੍ਰਸ਼ੰਸਾਯੋਗ ਹਨ ਵਿੱਚ ਇੱਕ ਮੰਡਪ ਅਤੇ ਕੋਠੜੀਆਂ ਸ਼ਾਮਲ ਹਨ। ਹਾਥੀਆਂ ਵਰਗੇ ਜਾਨਵਰਾਂ ਦੀਆਂ ਸ਼ਾਨਦਾਰ ਤਸਵੀਰਾਂ ਹਨ ਜੋ ਇਨ੍ਹਾਂ ਕੋਠੜੀਆਂ ਨੂੰ ਪਿਆਰ ਕਰਦੀਆਂ ਹਨ। ਇੱਕ ਤਿਉਹਾਰ ਜੋ ਭੂਤਨਾਥ ਮੰਦਰ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਸ਼ਿਵਰਾਤਰੀ ਹੈ ਜਿਸ ਵਿੱਚ ਭਗਵਾਨ ਸ਼ਿਵ ਨੂੰ ਪਵਿੱਤਰ ਭੇਟਾ ਚੜ੍ਹਾਈਆਂ ਜਾਂਦੀਆਂ ਹਨ। ਇਸ ਸ਼ੁਭ ਮੌਕੇ 'ਤੇ ਇਸ ਪੂਜਨੀਕ ਦੇਵਤੇ ਦੇ ਪ੍ਰਸਿੱਧ ਲਿੰਗ ਨੂੰ ਦੁੱਧ, ਸ਼ਹਿਦ ਅਤੇ ਸੁਗੰਧਿਤ ਫੁੱਲਾਂ ਨਾਲ ਇਸ਼ਨਾਨ ਕੀਤਾ ਜਾਂਦਾ ਹੈ। ਪ੍ਰਵੇਸ਼ ਦੁਆਰ ਬਹੁਤ ਵੱਡਾ ਨਹੀਂ ਹੈ; ਇਸ ਦੀਆਂ ਕੰਧਾਂ ਵੱਖ-ਵੱਖ ਫੁੱਲਦਾਰ ਡਿਜ਼ਾਈਨਾਂ ਨਾਲ ਸਜੀਆਂ ਹੋਈਆਂ ਹਨ। ਮੰਦਰ ਦਾ ਗੁੰਬਦ ਕਾਫੀ ਉੱਚਾ ਹੈ ਅਤੇ ਸ਼ਿਖਰ ਵਰਗਾ ਹੈ। ਮੰਦਰ ਦਾ ਨਿਰਮਾਣ ਅਜਬਰ ਸੇਨ ਦੁਆਰਾ ਕੀਤਾ ਗਿਆ ਸੀ ਜੋ ਖੁਦ ਸ਼ਿਵ ਦਾ ਪੱਕਾ ਭਗਤ ਸੀ। ਮੰਦਰ ਦੇ ਅੰਦਰਲੇ ਹਿੱਸੇ ਨੂੰ ਬਹੁਤ ਜ਼ਿਆਦਾ ਉੱਕਰੀ ਹੋਈ ਹੈ। ਬਹੁਤ ਸਾਰੇ ਥੰਮ੍ਹ ਹਨ ਜੋ ਢਾਂਚੇ ਦਾ ਸਮਰਥਨ ਕਰਦੇ ਹਨ. ਇਹ ਕਾਲਮ ਇੱਕ ਛੋਟੇ ਜਿਹੇ ਅਸਥਾਨ ਵੱਲ ਲੈ ਜਾਂਦੇ ਹਨ ਜਿਸ ਵਿੱਚ ਮੂਰਤੀਆਂ ਰੱਖੀਆਂ ਜਾਂਦੀਆਂ ਹਨ





ਵਜਰੇਸ਼ਵਰੀ ਯੋਗਿਨੀ ਮੰਦਰ ਵਜੋਂ ਜਾਣਿਆ ਜਾਂਦਾ ਹੈ, ਬਜਰੇਸ਼ਵਰੀ ਮੰਦਿਰ ਕਾਂਗੜਾ ਜ਼ਿਲ੍ਹੇ ਵਿੱਚ ਸਥਿਤ ਹੈ। ਇਹ ਸਤੀ-ਪੀਠਾਂ ਵਿੱਚੋਂ ਇੱਕ ਹੈ ਜਿੱਥੇ ਦੇਵੀ ਦੀਆਂ ਛਾਤੀਆਂ ਉਸ ਦੇ ਪਿਤਾ ਦਕਸ਼ ਅਤੇ ਪਤੀ ਸ਼ਿਵ ਦੀ ਘਟਨਾ ਵਿੱਚ ਡਿੱਗੀਆਂ ਸਨ। ਇਸ ਦੇ ਅਹਾਤੇ ਵਿੱਚ ਮੌਜੂਦ ਬੇਅੰਤ ਦੌਲਤ ਲਈ ਮੰਦਰ ਨੂੰ ਪਹਿਲਾਂ ਵੀ ਕਈ ਵਾਰ ਲੁੱਟਿਆ ਗਿਆ ਸੀ। ਮੰਦਰ ਦੇ ਆਕਰਸ਼ਣ ਪੁਰਾਤਨਤਾ ਦਾ ਇਹ ਮੰਦਰ ਘੱਟੋ-ਘੱਟ ਇੱਕ ਹਜ਼ਾਰ ਸਾਲ ਪੁਰਾਣਾ ਮੰਨਿਆ ਜਾਂਦਾ ਹੈ। ਵਜਰੇਸ਼ਵਰੀ ਦੇਵੀ ਨੂੰ ਸਮਰਪਿਤ, ਇਹ ਮੰਦਰ ਸ਼ਿਖਰ ਸ਼ੈਲੀ ਦੀ ਆਰਕੀਟੈਕਚਰ ਲਈ ਜਾਣਿਆ ਜਾਂਦਾ ਹੈ ਜੋ ਦੱਖਣੀ ਭਾਰਤ ਦੇ ਇੱਕ ਮੰਦਰ ਤੋਂ ਪ੍ਰੇਰਿਤ ਹੈ। ਇੱਥੇ ਲੱਕੜ ਦੀਆਂ ਛਤਰੀਆਂ ਹਨ ਜੋ ਮੰਦਰ ਦੇ ਬਾਹਰਲੇ ਹਿੱਸੇ ਨੂੰ ਸਜਾਉਂਦੀਆਂ ਹਨ। ਗੁੰਬਦ ਜਾਂ ਸ਼ਿਖਾਰਾ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਹੈ। ਜਿਵੇਂ ਕਿ ਸਤੀ ਦੀ ਖੱਬੀ ਛਾਤੀ ਇੱਥੇ ਡਿੱਗੀ ਮੰਨੀ ਜਾਂਦੀ ਹੈ, ਮਕਰ ਸੰਕ੍ਰਾਂਤੀ ਦੇ ਮੌਕੇ 'ਤੇ ਸ਼ਰਧਾਲੂ ਉਸ ਦੇ ਸੱਟਾਂ ਨੂੰ ਠੀਕ ਕਰਨ ਲਈ ਉਸ ਦੀ ਮੂਰਤੀ 'ਤੇ ਮੱਖਣ ਲਗਾਉਂਦੇ ਹਨ। ਕਾਂਗੜਾ ਦੇ ਜ਼ਿਲ੍ਹਾ ਗਜ਼ਟੀਅਰ ਕਨਿੰਘਮ ਦੇ ਸ਼ਬਦਾਂ ਵਿੱਚ, ਬ੍ਰਜੇਸ਼ਵਰੀ ਮੰਦਿਰ ਕਾਂਗੜਾ ਦੇ ਸਭ ਤੋਂ ਮਸ਼ਹੂਰ ਪੂਜਾ ਸਥਾਨਾਂ ਵਿੱਚੋਂ ਇੱਕ ਹੈ। ਜਿਵੇਂ ਹੀ ਕੋਈ ਮੰਦਰ ਦੇ ਅੰਦਰਲੇ ਹਿੱਸੇ ਵਿਚ ਦਾਖਲ ਹੁੰਦਾ ਹੈ, ਪ੍ਰਵੇਸ਼ ਦੁਆਰ 'ਤੇ ਭਿਆਨਕ ਸ਼ੇਰਾਂ ਦੀਆਂ ਦੋ ਮੂਰਤੀਆਂ ਮੌਜੂਦ ਹਨ। ਇਹ ਸ਼ੇਰ ਅਹਾਤੇ ਵਿੱਚ ਮੌਜੂਦ ਬੇਸ਼ੁਮਾਰ ਦੌਲਤ ਦੀ ਰਾਖੀ ਕਰਨ ਵਾਲੇ ਹਨ। ਦੇਵੀ ਪਾਰਵਤੀ ਜਾਂ ਬਜਰੇਸ਼ਵਰੀ ਦੀ ਇੱਥੇ ਪਿੰਡੀ ਦੇ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ। ਲੁੱਟਾਂ ਅਤੇ ਪੁਨਰ ਨਿਰਮਾਣ ਦਾ ਇਤਿਹਾਸ ਗਜ਼ਨੀ ਦੇ ਮਹਿਮੂਦ ਨੇ 11ਵੀਂ ਸਦੀ ਵਿੱਚ ਬ੍ਰਜੇਸ਼ਵਰੀ ਮੰਦਰ ਨੂੰ ਤੋੜਿਆ ਸੀ। ਉਸਨੇ ਦੌਲਤ ਲੁੱਟੀ ਅਤੇ ਮੰਦਰ ਨੂੰ ਤਬਾਹ ਕਰ ਦਿੱਤਾ। ਇਸ ਦੀ ਥਾਂ 'ਤੇ ਇਕ ਮਸਜਿਦ ਬਣਾਈ ਗਈ ਸੀ। ਬਾਅਦ ਵਿੱਚ, ਇੱਕ ਸਥਾਨਕ ਰਾਜੇ ਨੇ ਮੰਦਰ ਦੀ ਮੁਰੰਮਤ ਦਾ ਹੁਕਮ ਦਿੱਤਾ ਅਤੇ ਅੰਦਰ ਅਸਲੀ ਮੂਰਤੀ ਦੀ ਪ੍ਰਤੀਰੂਪ ਰੱਖੀ ਗਈ। ਉਸਨੇ ਦੇਵੀ ਦੇ ਮੰਦਰ ਨੂੰ ਸੋਨੇ, ਚਾਂਦੀ ਅਤੇ ਹੋਰ ਕੀਮਤੀ ਵਸਤੂਆਂ ਨਾਲ ਵੀ ਭਰ ਦਿੱਤਾ। 14ਵੀਂ ਸਦੀ ਦੇ ਮੱਧ ਵਿਚ ਫਿਰੋਜ਼ ਸ਼ਾਹ ਤੁਗਲਕ ਨੇ ਮੰਦਰ 'ਤੇ ਹਮਲਾ ਕੀਤਾ ਅਤੇ ਦੌਲਤ ਲੁੱਟ ਲਈ। ਬਾਦਸ਼ਾਹ ਅਕਬਰ ਨੇ ਆਪਣੇ ਰਾਜ ਦੌਰਾਨ ਇਸ ਸਥਾਨ ਦੀ ਪੁਰਾਣੀ ਸ਼ਾਨ ਨੂੰ ਬਹਾਲ ਕੀਤਾ। 1905 ਵਿੱਚ, ਇੱਕ ਵੱਡੇ ਭੂਚਾਲ ਨੇ ਮੰਦਰ ਨੂੰ ਤਬਾਹ ਕਰ ਦਿੱਤਾ। ਕਾਂਗੜਾ ਦੀ ਬਹਾਲੀ ਕਮੇਟੀ ਨੇ ਮੰਦਰ ਦੀ ਮੁੜ ਉਸਾਰੀ ਲਈ ਦਰਦ ਭਰੇ ਯਤਨ ਕੀਤੇ। ਇਸ ਬ੍ਰਹਮ ਅਸਥਾਨ ਦਾ ਦੌਰਾ ਮਹਾਰਾਜਾ ਰਣਜੀਤ ਸਿੰਘ ਨੇ ਵੀ ਕੀਤਾ ਸੀ, ਜਿਨ੍ਹਾਂ ਨੇ ਇਸ ਸਥਾਨ ਦੇ ਗੁੰਬਦਾਂ ਨੂੰ ਸੋਨੇ ਨਾਲ ਢੱਕਿਆ ਸੀ। ਮੰਦਿਰ ਨਾਲ ਸੰਬੰਧਿਤ ਦੰਤਕਥਾ ਇਕ ਵਾਰ ਕਾਂਗੜਾ ਜ਼ਿਲੇ ਵਿਚ ਇਕ ਗੰਭੀਰ ਸੋਕਾ ਪਿਆ ਜਿਸ ਕਾਰਨ ਅਣਗਿਣਤ ਲੋਕ ਮਾਰੇ ਗਏ। ਸਤੀ ਨੂੰ ਖੁਸ਼ ਕਰਨ ਲਈ, ਸ਼ਰਧਾਲੂਆਂ ਨੇ "ਹਵਨ" ਕੀਤਾ। ਦੇਵੀ ਨੇ ਸ਼ਰਧਾਲੂਆਂ ਨੂੰ ਉਸ ਸਥਾਨ 'ਤੇ ਪਹੁੰਚਾਇਆ ਜਿੱਥੇ ਉਸ ਦੀਆਂ ਛਾਤੀਆਂ ਡਿੱਗੀਆਂ ਸਨ ਅਤੇ ਉਨ੍ਹਾਂ ਨੂੰ ਉੱਥੇ ਮੰਦਰ ਬਣਾਉਣ ਦਾ ਹੁਕਮ ਦਿੱਤਾ। ਬ੍ਰਜੇਸ਼ਵਰੀ, ਸਤੀ ਦਾ ਪ੍ਰਗਟਾਵਾ, ਉਦੋਂ ਤੋਂ ਬਹੁਤ ਹੀ ਸਤਿਕਾਰਯੋਗ ਹੈ। ਬ੍ਰਜੇਸ਼ਵਰੀ ਮੰਦਿਰ ਇੱਕ ਪਵਿੱਤਰ ਸਥਾਨ ਹੈ ਜਿੱਥੇ ਹਰ ਸਾਲ ਬਹੁਤ ਸਾਰੇ ਸ਼ਰਧਾਲੂ ਆਉਂਦੇ ਹਨ। ਮੰਦਰ ਵਿੱਚ ਆਮ ਤੌਰ 'ਤੇ ਨਵਰਾਤਰਾ ਵਰਗੇ ਤਿਉਹਾਰਾਂ ਦੇ ਸਮੇਂ ਬਹੁਤ ਜ਼ਿਆਦਾ ਭੀੜ ਹੁੰਦੀ ਹੈ।